# ਹਰ ਵੋਟ ਗਿਣੀ ਜਾਵੇ

## ਬ੍ਰਿਟਿਸ਼ ਕੋਲੰਬੀਆ ਵਿੱਚ ਚੋਣ ਸੁਧਾਰ ਕੇਸ

## ਚੋਣ ਸੁਧਾਰਾਂ ਲਈ ਬਣਾਈ ਗਈ ਬ੍ਰਿਟਿਸ਼ ਕੋਲੰਬੀਆ ਸਿਟੀਜਨਜ਼' ਅਸੈਂਬਲੀ



**ਅੰਤਮ ਰਿਪੋਰਟ**

ਦਸੰਬਰ 2004

# ਤਤਕਰਾ


3 ਹਰ ਵੋਟ ਗਿਣੀ ਜਾਵੇ
4 ਮੁਢਲੀਆਂ ਕਦਰਾਂ-ਕੀਮਤਾਂ
6 ਬੀ ਸੀ ਵਿੱਚ ਮੌਜੂਦਾ ਚੋਣ ਪ੍ਰਕ੍ਰਿਆ
7 ਬੀ ਸੀ-ਐਸ ਟੀ ਵੀ: ਬੀ ਸੀ ਵਿੱਚ ਵੋਟ ਪਾਉਣ ਦਾ ਨਵਾਂ ਤਰੀਕਾ
9 ਬੈਲਟ ਅਤੇ ਬਾਈ ਇਲੈਕਸ਼ਨ (ਜ਼ਿਮਨੀ ਚੋਣ)
10 ਕੀ ਵਾਪਰੇਗਾ ਜੇ ਅਸੀਂ ਬੀ ਸੀ-ਐਸ ਟੀ ਵੀ ਅਪਣਾਈਏ?
13 ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਨੇ ਜੋ ਦੂਸਰੇ ਮਸਲੇ ਉਠਾਏ
15 ਸੰਖੇਪ ਵਿੱਚ ਪ੍ਰਕ੍ਰਿਆ
19 ਅਧਿਕਾਰ
20 ਚੇਅਰ ਵੱਲੋਂ ਨੋਟ
21 ਹੋਰ ਅਧਿਐਨ / ਤਕਨੀਕੀ ਰਿਪੋਰਟ ਅੰਸ਼


CITIZENS' ASSEMBLY MEMBERS C. Chris Andersen, Victoria • Margaret Anderson, Prince Rupert • Claude Armstrong, Blind Bay • Sharon Arola, Sparwood • Lianne Ashley, Vancouver • Mo Assim, Burnaby • Brooke Bannister, Richmond • Art Beaumont, Metchosin • Nancy Bednard, Vancouver • Wendy Bergerud, Victoria • Debbie Beuk, Anmore • Fred Beyer, Maple Ridge • Jack Blaney, Vancouver • Cheryl Blaschuk, Cloverdale • Julie Boehmer, West Vancouver • Georges Boucher, Lumby • Nicholas Boudin, Vancouver • Gladys Brown, Midway • Lill Brulhart, Surrey • Diana Byford, North Saanich • David Callaghan, Abbotsford • Ingrid Carmichael, Chilliwack • Barbara Carter, White Rock • Katie Cavaletto, Kamloops • John Chapman, Nanaimo • Wilf Chelle, Buick • Diana Cochran, New Westminster • Dorothy Coombes, Victoria • Linda Crawford, Vancouver • Tanis Dagert, Lantzville • Edith Davidson, Delta • Ann Davis, Vernon • Sally de Luna, Vancouver • Donna Dew, Coquitlam • Manjit Dhaliwal, Abbotsford • Rick Dignard, Roberts Creek • Darleen Dixon, Fort Nelson • Lana Donnelly, Colwood • Linda Dorey, Coquitlam • Mary Drew, Burnaby • Jean Ensminger, Ladysmith • Caroline Fader, Richmond • Linda Fantillo, Campbell River • Shoni Field, Vancouver • Ian Fleming, Langley • Allan Flemons, New Westminster • Darin Follestad, Kelowna • Paul Galbraith, Spillimacheen • Cliff Garbutt, Vancouver • Jyoti Gill, Vancouver • Wendy Gonsalves, Westbank • Ken Gosling, Creston • Vickie Gowing, Ymir • Dan Green, Prince Rupert • Richard Hall, Courtenay • Derrick Harder, Surrey • Lee Harris, Kamloops • Sandra Hart, Terrace • Darryl Hawkins, Cobble Hill • Ian Hay, Aldergrove • Craig Henschel, Burnaby • R.B. (Bob) Herath, Surrey • Janet Hewsick, Victoria • Lynn Hill, North Vancouver • Angela Hsu, Maple Ridge • Firmin Hung, Vancouver • Geraldine Hurst, Burnaby • Beverly Huseby, Abbotsford • Peter Indyk, Delta • Neall Ireland, Vancouver • Adina Irimescu, Burnaby • Bill Jackson, Dawson Creek • Mary Jarbek, Prince George • Susan Johnson, Surrey • Ray Jones, Kamloops • Robert Jones, Campbell River • Sheri Keller, Kelowna • Will Kilsby, Chilliwack • Frankie Kirby, Vancouver • Barbara Kohne, East Sooke •

CHAIR OF THE ASSEMBLY Jack Blaney • CHIEF OPERATIONS OFFICER Leo Perra • CHIEF RESEARCH OFFICER Ken Carty • ASSOCIATE RESEARCH OFFICER Campbell Sharman • DIRECTOR OF COMMUNICATIONS Marilyn Jacobson • ASSOCIATE DIRECTOR OF COMMUNICATIONS Don MacLachlan • OFFICE MANAGER Cathy Stooshnov •

# ਹਰ ਵੋਟ ਗਿਣੀ ਜਾਵੇ

ਚੋਣ ਸੁਧਾਰਾਂ ਸੰਬੰਧੀ ਬ੍ਰਿਟਿਸ਼ ਕੋਲੰਬੀਆ ਸਿਟੀਜਨਜ਼' ਅਸੈਂਬਲੀ ਦੀ ਅੰਤਮ ਰਿਪੋਰਟ

"ਅਸੀਂ ਇਥੇ ਲੋਕਰਾਜ ਦੀ ਪ੍ਰੈਕਟਿਸ ਵਿੱਚ ਲੋਕਾਂ ਨੂੰ ਸ਼ਾਮਲ ਕਰਕੇ ਇੱਕ ਨਵਾਂ ਰਸਤਾ ਈਜ਼ਾਦ ਕਰਨ ਲਗੇ ਹਾਂ ----"

ਸਤਿਕਾਰਯੋਗ ਜਿਉਫ ਪਲਾਂਟ, ਅਟੌਰਨੀ ਜਨਰਲ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕੋ !

ਚੋਣ ਸੁਧਾਰਾਂ ਲਈ ਬਣਾਈ ਸਿਟੀਜਨ ਅਸੈਂਬਲੀ ਦੇ ਮੈਂਬਰ ਬਹੁਤ ਹੀ ਮਾਣ ਮਹਿਸੂਸ ਕਰ ਰਹੇ ਹਨ ਕਿ ਇਹਨਾਂ ਨੂੰ ਅਜਿਹੇ ਮਾਮਲੇ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਸੇਵਾ ਦਾ ਇਤਿਹਾਸਕ ਮੌਕਾ ਦਿੱਤਾ ਗਿਆ ਹੈ ਜਿਹੜਾ ਕਿ ਲੋਕ ਰਾਜ ਦਾ ਕੇਂਦਰ ਬਿੰਦੂ ਹੈ ।

ਸਾਨੂੰ ਅਧਿਕਾਰ ਦਿੱਤਾ ਗਿਆ ਸੀ ਕਿ ਅਸੀਂ ਵਿਧਾਨ ਸਭਾ ਦੇ ਮੈਂਬਰਾਂ ਨੂੰ ਚੁਨਣ ਲਈ ਵੱਖ ਵੱਖ ਮਾਡਲਾਂ ਦਾ ਮੁਲਾਂਕਣ ਕਰੀਏ ਅਤੇ ਇਹ ਸਿਫਾਰਸ਼ ਕਰੀਏ ਕਿ ਸੂਬੇ ਦੀ ਚੋਣ ਪ੍ਰਕ੍ਰਿਆ ਨੂੰ ਰੱਖਿਆ ਜਾਵੇ ਜਾਂ ਫਿਰ ਨਵਾਂ ਮਾਡਲ ਅਪਨਾਇਆ ਜਾਵੇ । ਦੂਸਰੀਆਂ ਥਾਵਾਂ ਤੇ ਇਹ ਕੰਮ ਸਿਆਸਤਦਾਨਾਂ ਨੂੰ ਜਾਂ ਚੋਣ ਵਿਸ਼ੇਸ਼ਗਾਂ ਨੂੰ ਦਿੱਤਾ ਗਿਆ ਹੈ । ਪਰ ਇਸ ਦੀ ਬਿਜਾਏ ਇਹ ਕੰਮ ਵੋਟਰਾਂ ਨੂੰ ਦੇ ਕੇ ਬ੍ਰਿਟਿਸ਼ ਕੋਲੰਬੀਆ ਨੇ ਇਤਿਹਾਸ ਸਿਰਜਿਆ ਹੈ ।

ਅਸੀਂ ਗਿਆਰਾਂ ਮਹੀਨੇ ਇਸ ਸਿਸਟਮ ਦਾ ਅਧਿਯਨ ਕੀਤਾ । ਅਸੀ 50 ਜਨਤਕ ਮੀਟਿੰਗਾਂ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਹਜ਼ਾਰਾਂ ਹੀ ਲੋਕਾਂ ਦੇ ਵਿਚਾਰ ਸੁਣੇ ਅਤੇ ਉਹਨਾਂ ਵੱਲੋਂ ਲਿਖਤੀ ਰੂਪ ਵਿੱਚ ਦਿੱਤੇ ਗਏ 1603 ਸੁਝਾਅ ਤੇ ਵਿਚਾਰ ਪ੍ਰਾਪਤ ਕੀਤੇ ਅਤੇ ਪੜ੍ਹੇ ਗਏ । ਜੋ ਅਸੀਂ ਸਭ ਤੋਂ ਜ਼ਿਆਦਾ ਜਾਨਣਾ ਚਾਹੁੰਦੇ ਸੀ ਉਹ ਇਹ ਸੀ ਕਿ ਸਾਡੀ ਚੋਣ ਪ੍ਰਕ੍ਰਿਆ ਦੀ ਤਹਿ ਵਿੱਚ ਕਿਹੜੀਆਂ ਕਦਰਾਂ-ਕੀਮਤਾਂ, ਆਸ਼ਾਵਾਂ ਅਤੇ ਖਾਹਿਸ਼ਾਂ ਹਨ ਅਤੇ ਇਹਨਾਂ ਵਿਚਲੇ ਕਿਹੜੇ ਅਸੂਲ / ਸਿਧਾਂਤ ਸਾਡੇ ਫੈਸਲਿਆਂ ਅਤੇ ਸਿਫਾਰਸ਼ਾਂ ਨੂੰ ਸੇਧ ਦਿੰਦੇ ਹਨ । ਇਸ ਕੰਮ ਨੇ ਸਾਨੂੰ ਹੇਠ ਲਿਖੀਆਂ ਸਿਫਾਰਸ਼ਾਂ ਕਰਨ ਲਈ ਪ੍ਰੇਰਿਆ ਹੈ ।

***ਚੋਣ ਸੁਧਾਰਾਂ ਲਈ ਬਣਾਈ ਗਈ ਸਿਟੀਜਨ ਅਸੈਂਬਲੀ ਇਹ ਸਿਫਾਰਸ਼ ਕਰਦੀ ਹੈ ਕਿ ਸਾਡੇ ਸੂਬੇ ਨੂੰ ਨਵੀਂ ਵੋਟ ਪ੍ਰਕ੍ਰਿਆ (ਸਿਸਟਮ) ਨੂੰ ਅਪਨਾਉਣਾ ਚਾਹੀਦਾ ਹੈ ਜਿਸ ਨੂੰ ਅਸੀਂ "ਬੀ ਸੀ-ਐਸ ਟੀ ਵੀ" (BC-STV) ਕਹਿੰਦੇ ਹਾਂ ਇਸ ਇਕਹਰੇ ਤਬਾਦਲੇ ਯੋਗ ਵੋਟ ਸਿਸਟਮ ਦੀ ਵਿਵਸਥਾ ਇਸ ਸੂਬੇ ਲਈ ਕੀਤੀ ਗਈ ਹੈ*** *। ਇਹ ਉਚਿੱਤ ਹੈ, ਇਸ ਦੀ ਵਰਤੋਂ ਸੌਖੀ ਹੈ ਅਤੇ ਵੋਟਰਾਂ ਨੂੰ ਵੱਧ ਸ਼ਕਤੀ ਦਿੰਦਾ ਹੈ ।*

**ਬੀ ਸੀ-ਐਸ ਟੀ ਵੀ ਦੀ ਵਰਤੋਂ ਸੌਖੀ ਹੈ** । ਵੋਟਰ ਆਪਣੀ ਤਰਜੀਹ ਅਨੁਸਾਰ ਉਮੀਦਵਾਰਾਂ ਨੂੰ ਤਰਤੀਬ ਦੇਣਗੇ ।

**ਬੀ ਸੀ-ਐਸ ਟੀ ਵੀ ਉਚਿੱਤ ਨਤੀਜੇ ਦਿੰਦਾ ਹੈ** । ਮੰਤਵ ਹੈ ਕਿ ਹਰ ਵੋਟ ਕੀਮਤ ਗਿਣੀ ਜਾਵੇ ਤਾਂ ਕਿ ਵਿਧਾਨ ਸਭਾ ਵਿੱਚ ਹਰ ਪਾਰਟੀ ਦੀਆਂ ਸੀਟਾਂ ਤੋਂ ਉਸ ਨੂੰ ਵੋਟਰਾਂ ਵੱਲੋਂ ਦਿੱਤੀ ਸਪੋਰਟ ਪ੍ਰਭਾਵਿਤ (ਪ੍ਰਤਿਬਿੰਬਤ) ਹੋਵੇ ।

**ਬੀ ਸੀ-ਐਸ ਟੀ ਵੀ ਵੋਟਰਾਂ ਨੂੰ ਵੱਧ ਸ਼ਕਤੀ ਦਿੰਦੀ ਹੈ** । ਵੋਟਰ ਇਹ ਫੈਸਲਾ ਕਰਦੇ ਹਨ ਕਿ ਪਾਰਟੀ ਵਿੱਚੋਂ ਜਾਂ ਪਾਰਟੀਆਂ 'ਚੋਂ ਕਿਹੜੇ ਉਮੀਦਵਾਰਾਂ ਨੂੰ ਚੁਨਣਾ ਹੈ । ਸਾਰੇ ਉਮੀਦਵਾਰਾਂ ਨੂੰ ਹਰ ਇੱਕ ਵੋਟ ਹਾਸਲ ਕਰਨ ਲਈ ਮਿਹਨਤ ਨਾਲ ਕੰਮ ਕਰਨਾ ਜ਼ਰੂਰੀ ਹੋਵੇਗਾ । ਇਸ ਨਾਲ ਅਸਰਦਾਇਕ ਸਥਾਨਕ ਪ੍ਰਤਿਨਿਧੱਤਾ ਮਜ਼ਬੂਤ ਹੋਵੇਗੀ ।

**ਬੀ ਸੀ-ਐਸ ਟੀ ਵੀ ਵੋਟਰਾਂ ਦਾ ਚੋਣ ਪਸੰਦ ਘੇਰਾ ਵੱਡਾ ਕਰਦੀ ਹੈ** । ਇੱਕ ਚੋਣ ਹਲਕੇ ਵਿੱਚੋਂ ਇੱਕ ਤੋਂ ਵੱਧ ਉਮੀਦਵਾਰਾਂ ਨੂੰ ਚੁਨਣ ਦਾ ਮਤਲੱਬ ਹੈ ਕਿ ਵੋਟਰ ਬਹੁਤੇ ਉਮੀਦਵਾਰਾਂ ਵਿੱਚੋਂ ਵਿਧਾਨ ਸਭਾ ਦੇ ਮੈਂਬਰ ਚੁਨਣਗੇ ।

ਮਈ 17, 2005 ਨੂੰ ਰਾਇਸ਼ੁਮਾਰੀ ਲਈ ਜਿਹੜਾ ਸੁਆਲ ਵੋਟਰਾਂ ਸਾਹਮਣੇ ਰੱਖਿਆ ਜਾਵੇਗਾ, ਉਹ ਇਹ ਹੋਵੇਗਾ:

**ਕੀ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਬੀ ਸੀ-ਐਸ ਟੀ ਵੀ ਚੋਣ ਪ੍ਰਕ੍ਰਿਆ ਵਿੱਚ ਤਬਦੀਲ ਹੋ ਜਾਣਾ ਚਾਹੀਦਾ ਹੈ, ਜਿਸ ਦੀ ਕਿ ਚੋਣ ਸੁਧਾਰ ਲਈ ਬਣਾਈ "ਸਿਟੀਜਨ ਅਸੈਂਬਲੀ" ਵੱਲੋਂ ਸਿਫਾਰਸ਼ ਕੀਤੀ ਗਈ ਹੈ ? ਹਾਂ / ਨਾਂਹ**

ਅਸੀਂ ਇਹ ਜਾਣਦੇ ਹਾਂ ਕਿ ਨਵੀਂ ਵੋਟ ਪ੍ਰਕ੍ਰਿਆ ਨੂੰ ਰਾਜਨੀਤਕ ਜੀਵਨ ਦਾ ਇੱਕ ਹਿੱਸਾ ਬਣ ਕੇ ਇਕਸਾਰਤਾ ਨਾਲ ਚਲਣ ਲਈ ਕੁਝ ਸਮਾਂ ਲਗੇਗਾ ਅਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਤਿੰਨ ਸੂਬਾਈ ਵਿਧਾਨ ਸਭਾ ਚੋਣਾਂ ਦੇ ਬਾਅਦ ਇਸ ਸਿਸਟਮ ਨੂੰ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਇਸ ਤੇ ਮੁੜ ਵਿਚਾਰ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰੀਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ।

---

ਇਸ ਰਿਪੋਰਟ ਦੇ ਬਾਕੀ ਹਿੱਸੇ ਵਿੱਚ ਅਸੀਂ ਆਪਣੀ ਮੌਜੂਦਾ ਵੋਟਿੰਗ ਪ੍ਰਕ੍ਰਿਆ ਨੂੰ ਬੀ ਸੀ-ਐਸ ਟੀ ਵੀ ਨਾਲ ਤੁਲਨਾ ਕੀਤੀ ਹੈ । ਅਸੀਂ ਇਹ ਦੱਸਿਆ ਹੈ ਕਿ ਬੀ ਸੀ-ਐਸ ਟੀ ਵੀ ਸਿਸਟਮ ਕਿਵੇਂ ਕੰਮ ਕਰੇਗਾ ਅਤੇ ਅਸੀਂ ਵਿਸ਼ਵਾਸ ਕਿਉਂ ਕਰਦੇ ਹਾਂ ਕਿ ਇਹ ਸਿਸਟਮ ਬਹੁ-ਭਾਂਤੀ ਸੂਬੇ ਲਈ ਕਿਵੇਂ ਸਭ ਤੋਂ ਵਧੀਆ ਕੰਮ ਕਰੇਗਾ । ਇਸ ਦੇ ਦੂਜੀ ਸੈਂਚੀ *ਟੈਕਨੀਕਲ ਰਿਪੋਰਟ* ਵਿੱਚ ਆਪਣੇ ਕੰਮ ਦੇ ਅਤੇ ਵਿਚਾਰ-ਵਟਾਂਦਰੇ ਦੇ ਸਾਰੇ ਪਹਿਲੂਆਂ ਨੂੰ ਵਿਸਥਾਰ-ਪੂਰਵਕ ਦੱਸਿਆ ਗਿਆ ਹੈ । ਇਸ *ਟੈਕਨੀਕਲ ਰਿਪੋਰਟ* ਦੀ ਕਾਪੀ ਕਿਵੇਂ ਹਾਸਲ ਕਰਨੀ ਹੈ, ਇਸ ਬਾਰੇ ਸਾਰੀ ਜਾਣਕਾਰੀ ਇਸ ਰਿਪੋਰਟ ਦੇ ਆਖਰੀ ਪੰਨੇ ਤੇ ਦਿੱਤੀ ਹੋਈ ਹੈ ।

ਇਹਨਾਂ ਦੋਨਾਂ ਇਕੱਠੀਆਂ ਰਿਪੋਰਟਾਂ ਨਾਲ ਸਾਡਾ ਕੰਮ ਪੂਰਾ ਹੋ ਗਿਆ ਹੈ । ਇਸ ਤੇ ਅਗਲਾ ਫੈਸਲਾ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੇ ਹੱਥਾਂ ਵਿੱਚ ਹੈ ।

# ਹਰ ਵੋਟ ਗਿਣੀ ਜਾਵੇ

## ਮੁਢਲੀਆਂ ਕਦਰਾਂ-ਕੀਮਤਾਂ

ਸਾਡੇ ਕੰਮ ਦੇ ਜ਼ਰੀਏ ਅਤੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੇ ਵਿਚਾਰ ਸੁਨਣ ਉਪਰੰਤ ਅਸੀਂ ਤਿੰਨ ਮੁਢਲੀਆਂ ਕਦਰਾਂ-ਕੀਮਤਾਂ ਦੀ ਪਹਿਚਾਣ ਕੀਤੀ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਸਾਡੀ ਚੋਣ ਪ੍ਰਣਾਲੀ ਦੇ ਬੁਨਿਆਦੀ ਤੱਤ ਹੋਣੇ ਚਾਹੀਦੇ ਹਨ। ਇਹ ਹਨ:

**ਅਨੁਪਾਤੀ ਪ੍ਰਤਿਨਿੱਧਤਾ ਰਾਹੀਂ ਉਚਿੱਤ ਚੋਣ ਨਤੀਜੇ**
ਲੋਕਰਾਜ ਦਾ ਭਾਵ ਹੈ "ਲੋਕਾਂ ਰਾਹੀਂ ਰਾਜ" ਇਸ ਕਰਕੇ ਚੋਣ ਨਤੀਜੇ – ਹਰ ਪਾਰਟੀ ਵੱਲੋਂ ਜਿੱਤੀਆਂ ਗਈਆਂ ਸੀਟਾਂ – ਤੇ ਵੋਟਰਾਂ ਵੱਲੋਂ ਪਾਰਟੀ ਨੂੰ ਦਿੱਤੀਆਂ ਹੋਈਆਂ ਵੋਟਾਂ ਦਾ ਪ੍ਰਭਾਵ ਦੇਣ। ਨਤੀਜਾ – ਵੋਟਾਂ ਤੋਂ ਸੀਟਾਂ ਦਾ ਅਨੁਪਾਤ ਹੋਣਾ ਚਾਹੀਦਾ ਹੈ।

ਕੋਈ ਵੀ ਚੋਣ ਪ੍ਰਕ੍ਰਿਆ ਇਸ ਨੂੰ ਨਿਪੁੰਨਤਾ ਨਾਲ ਨਹੀਂ ਕਰਦੀ ਪ੍ਰੰਤੂ ਇਹ ਅਨੁਪਾਤ ਦੀ ਮਹੱਤਤਾ ਨੂੰ ਘੱਟ ਨਹੀਂ ਕਰਦੀ। ਅਨੁਪਾਤੀ ਚੋਣ ਨਤੀਜੇ ਨਿਸ਼ਕਪਟ, ਇਮਾਨਦਾਰ ਵਧੀਆ ਚੋਣ ਨਤੀਜੇ ਹਨ। ਵੋਟਰਾਂ ਨੂੰ ਇਹ ਫੈਸਲਾ ਦੇਣਾ ਚਾਹੀਦਾ ਹੈ ਕਿ ਕਿਹੜਾ ਸਾਡੀ ਵਿਧਾਨ ਸਭਾ 'ਚ ਬਹਿੰਦਾ ਹੈ। ਇਹ ਉਚਿੱਤ ਹੈ।

**ਅਸਰਦਾਇਕ ਸਥਾਨਕ ਪ੍ਰਤਿਨਿੱਧਤਾ**
ਹਰ ਕਮਿਊਨਿਟੀ ਦੀ ਨਿਵੇਕਲੀ ਸ਼ਖਸੀਅਤ ਹੈ। ਹਰ ਇੱਕ ਨੇ ਹੀ ਸਾਡੇ ਸੂਬੇ ਦੇ ਸਿਆਸੀ ਜੀਵਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪਣੀ ਸਹੀ ਤੇ ਅਸਰਦਾਇਕ ਪ੍ਰਤਿਨਿੱਧਤਾ ਹੋਣ ਲਈ ਉਸ ਮੌਕੇ ਦੀ ਲੋੜ ਹੈ ਜਦੋਂ ਉਹਨਾਂ ਲੋਕਾਂ ਨੂੰ ਚੁਣ ਸਕਣ ਜੋ ਵਿਧਾਨ ਸਭਾ ਵਿੱਚ ਉਹਨਾਂ ਲਈ ਬੋਲ ਸਕਣ ਅਤੇ ਕਮਿਊਨਿਟੀ ਉਸ ਨੂੰ ਲੋਕਰਾਜੀ ਚੋਣਾਂ ਵਿੱਚ ਜ਼ਿੰਮੇਵਾਰ ਠਹਿਰਾਅ ਸਕੇ।

ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਬੜੇ ਲੰਮੇ ਸਮੇਂ ਤੋਂ ਸਾਡੀ ਲੋਕਰਾਜੀ ਮਰਿਯਾਦਾ ਦਾ ਅਸੂਲ ਰਿਹਾ ਹੈ। ਇਹ ਚੋਣ ਸਿਆਸਤ ਦਾ ਕੇਂਦਰ ਬਿੰਦੂ ਰਿਹਾ ਹੈ। ਸਥਾਨਕ ਪ੍ਰਤਿਨਿੱਧਤਾ ਦੀ ਮਜ਼ਬੂਤੀ ਚੋਣ ਸੁਧਾਰ ਦਾ ਟੈਸਟ ਹੋਣੀ ਚਾਹੀਦੀ ਹੈ।

**ਵੋਟਰਾਂ ਲਈ ਵਧੇਰੇ ਪਸੰਦ**
ਨਾਗਰਿਕ ਹੋਣ ਦੇ ਨਾਤੇ ਅਸੀਂ ਸਾਰੇ ਹੀ ਲੋਕਰਾਜ ਦੀ ਸਿਹਤ ਲਈ ਜ਼ਿੰਮੇਵਾਰ ਹਾਂ
ਇਸ ਲਈ ਸਾਡੇ ਕੋਲ ਵੱਧ ਤੋਂ ਵੱਧ ਸੰਭਵ ਮੌਕੇ ਹੋਣੇ ਚਾਹੀਦੇ ਹਨ ਤਾਂ ਕਿ ਅਸੀਂ ਉਹ ਉਮੀਦਵਾਰ ਚੁਣ ਸਕੀਏ ਜੋ ਸਾਡੇ ਅਧਿਕਾਰਾਂ ਦੀ ਸਭ ਤੋਂ ਵੱਧ ਪ੍ਰਤਿਨਿਧੱਤਾ ਕਰ ਸਕਣ। ਚੋਣ ਸੰਬੰਧੀ ਸਾਡੀ ਪਸੰਦ ਵਿੱਚ ਇਹ ਵੀ ਹੋਣਾ ਚਾਹੀਦਾ ਹੈ ਕਿ ਅਸੀਂ ਪਾਰਟੀ ਉਮੀਦਵਾਰਾਂ ਵਿੱਚੋਂ ਅਤੇ ਨਾਲ ਹੀ ਸਾਰੀਆਂ ਪਾਰਟੀਆਂ ਵਿੱਚੋਂ ਉਮੀਦਵਾਰ ਚੁਣ ਸਕੀਏ। ਵੋਟਰਾਂ ਦੀ ਅਵਾਜ਼ ਨੂੰ ਵਧੇਰੇ ਮਜ਼ਬੂਤ ਕਰਨ ਲਈ ਵੋਟਰਾਂ ਲਈ ਬਹੁਤੀ ਪਸੰਦ ਵੋਟ ਪ੍ਰਣਾਲੀ ਦਾ ਹਿੱਸਾ ਹੋਣੀ ਚਾਹੀਦੀ ਹੈ।

ਇਹਨਾਂ ਕਦਰਾਂ-ਕੀਮਤਾਂ ਤੋਂ ਇਲਾਵਾ ਚੋਣ ਪ੍ਰਣਾਲੀ ਨੂੰ ਚੁਨਣ ਲਈ ਸਾਡੀ ਬਹਿਸ ਵਿੱਚ ਦੋ ਹੋਰ ਮਸਲੇ ਲਗਾਤਾਰ ਉਭਰਦੇ ਰਹੇ।

**ਮਤਦਾਤਾ (ਵੋਟਰ) ਤੇ ਸਿਆਸੀ ਪਾਰਟੀਆਂ**
ਇਸ ਸੂਬੇ ਵਿੱਚ ਵੋਟਰਾਂ ਅਤੇ ਪਾਰਟੀਆਂ ਵਿਚਕਾਰ ਤਾਕਤ ਦੇ ਮੌਜੂਦਾ ਅਸੰਤੁਲਨ ਵਿਰੁੱਧ ਤੂਫਾਨੀ ਵਿਰੋਧ ਹੈ। ਅਸਲ ਵਿੱਚ ਜੋ ਵਿਚਾਰ ਅਸੀਂ ਪ੍ਰਾਪਤ ਕੀਤੇ, ਉਹਨਾਂ ਵਿੱਚ ਪਾਰਟੀਆਂ ਨੂੰ ਇਸ ਅਧਾਰ ਤੇ ਬੈਨ ਕਰਨ ਲਈ ਕਿਹਾ ਗਿਆ ਕਿ ਉਹ ਚੋਣ ਸਿਆਸਤ ਵਿੱਚ ਏਨੀਆਂ ਭਾਰੂ ਹੋ ਜਾਂਦੀਆਂ ਹਨ ਕਿ ਸਥਾਨਕ ਪ੍ਰਤਿਨਿੱਧਤਾ ਪਾਰਟੀ ਅਨੁਸ਼ਾਸਨ ਅਤੇ ਪ੍ਰੈਕਟਿਸ ਹੇਠ ਦਬ ਜਾਂਦੀ ਹੈ ਅਤੇ ਵੋਟਰਾਂ ਦੀ ਪਸੰਦ ਦਾ ਗਲਾ ਘੁੱਟਿਆ ਜਾਂਦਾ ਹੈ।

ਇਸ ਅਸੰਤੁਲਨ ਦੇ ਸੰਬੰਧ ਵਿੱਚ ਅਸੀਂ ਇਹ ਜਾਣਿਆਂ ਹੈ ਕਿ ਪਾਰਲੀਮੈਂਟਰੀ ਸਰਕਾਰ ਚੋਣਾਂ ਕਰਵਾਉਣ ਲਈ, ਵਿਧਾਨ ਸਭਾ ਦਾ ਕੰਮ ਸੰਗਠਤ ਕਰਨ ਲਈ ਅਤੇ ਸਰਕਾਰ ਦਾ ਕੰਮ ਚਲਾਉਣ ਲਈ ਪਾਰਟੀਆਂ ਤੇ ਨਿਰਭਰ ਹੁੰਦੀ ਹੈ। ਅਸੀਂ ਇਸ ਗੱਲ ਤੇ ਵਿਸ਼ਵਾਸ ਰੱਖਦੇ ਹਾਂ ਕਿ ਇਸ ਦਾ ਹੱਲ ਉਸ ਚੋਣ ਪ੍ਰਣਾਲੀ ਨੂੰ ਅਪਨਾਉਣ ਵਿੱਚ ਹੈ, ਜਿਸਦੇ ਵਿੱਚ ਵੋਟਰ (ਮਤਦਾਤਾ) ਅਤੇ ਰਾਜਨੀਤਿਕ ਇਕੱਠੇ ਹੋ ਕੇ ਸੰਤੁਲਤ ਭਾਈਵਾਲੀ ਵਿੱਚ ਕੰਮ ਕਰਦੇ ਹਨ।

**ਵੋਟਰ ਅਤੇ ਬਹੁਮਤ, ਗਠਜੋੜ ਤੇ ਘੱਟ ਗਿਣਤੀ ਸਰਕਾਰਾਂ**
ਬਹੁਤੀ ਵਾਰੀ ਕੈਨੇਡਾ ਵਿੱਚ – ਸੂਬਾ ਪੱਧਰ ਤੇ ਅਤੇ ਫੈਡਰਲ (ਸੰਘੀ) ਪੱਧਰ ਤੇ – ਜਿਹੜੀਆਂ ਪਾਰਟੀਆਂ ਬਹੁਮਤ ਸਰਕਾਰਾਂ ਬਣਾਉਂਦੀਆਂ ਹਨ, ਉਹ ਅੱਧ ਤੋਂ ਬਹੁਤ ਘੱਟ ਵੋਟਾਂ ਪ੍ਰਾਪਤ ਕਰਦੀਆਂ ਹਨ ਜਦ ਕਿ ਸੀਟਾਂ ਅੱਧ ਤੋਂ ਕਿਤੇ ਜ਼ਿਆਦਾ ਲੈ ਜਾਂਦੀਆਂ ਹਨ। ਇਸ ਨੂੰ "ਨਕਲੀ ਬਹੁਮਤ" ਕਹਿੰਦੇ ਹਨ। ਫਿਰ ਵੀ, ਕੈਨੇਡੀਅਨ ਇਕਹਰੀ ਪਾਰਟੀ ਬਹੁਮਤ ਸਰਕਾਰਾਂ ਤੋਂ ਜਾਣੂੰ ਹਨ ਅਤੇ ਅਸੀਂ ਬੜੀ ਅਸਾਨੀ ਨਾਲ ਮੰਨ ਲੈਂਦੇ ਹਾਂ ਕਿ ਇਹ ਚੋਣਾਂ ਦਾ ਕੁਦਰਤੀ ਨਤੀਜਾ ਹੈ।

ਇੱਕ ਬਹੁਮਤ ਸਰਕਾਰ ਅਸਲੀ ਜਾਂ ਨਕਲੀ, ਵੋਟਰਾਂ ਵੱਲੋਂ ਦਿੱਤਾ ਅਧਿਕਾਰ ਕਹਿ ਕੇ ਇਸ ਤੇ ਅਮਲ ਕਰਦੀ ਹੈ। ਅਤੇ ਅਗਲੀਆਂ ਚੋਣਾਂ ਵਿੱਚ ਇਹ ਬੜੀ ਅਸਾਨੀ ਨਾਲ ਜ਼ਿੰਮੇਵਾਰ ਠਹਿਰਾਏ ਜਾਂਦੇ ਹਨ। ਇਸ ਲਈ ਅਸੀਂ ਸਵੀਕਾਰ ਕਰ ਲਿਆ ਹੈ ਕਿ ਬਹੁਮਤ ਸਰਕਾਰਾਂ ਨੂੰ ਚੋਣ ਨਤੀਜਿਆਂ ਦੀਆਂ ਮੁਢਲੀਆਂ ਕਦਰਾਂ-ਕੀਮਤਾਂ ਨੂੰ, ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਅਤੇ ਬਹੁਤੇ ਵੋਟਰਾਂ ਦੀ ਪਸੰਦ ਨੂੰ ਲਤਾੜਨਾ ਨਹੀਂ ਚਾਹੀਦਾ। ਬਹੁਤ ਸਾਰੇ ਹੋਰ ਕਾਮਯਾਬ ਪੱਛਮੀ ਲੋਕਰਾਜ ਬਹੁਮਤ ਤੇ ਨਿਰਭਰ ਨਹੀਂ ਕਰਦੇ ਫਿਰ ਵੀ ਉਥੇ ਸਥਿਰ ਤੇ ਕਾਰਗਰ ਸਰਕਾਰਾਂ ਹਨ, ਸਰਕਾਰਾਂ ਵੀ ਉਹ ਹੁੰਦੀਆਂ ਹਨ, ਜਿਹਨਾਂ ਵਿੱਚ ਫੈਸਲਾ ਕਰਨ ਵਾਲਿਆਂ ਵਿੱਚ ਵੱਖਰੀ ਰੁਚੀ ਵਾਲੇ ਅਤੇ ਸਹਿਸੰਵੇਦੀ ਰੁਚੀ ਵਾਲੇ ਦੋਨੋਂ ਹੀ ਹੁੰਦੇ ਹਨ।

ਅਸੀਂ ਪ੍ਰਭਾਵਹੀਣ ਨਿਕੰਮੀਆਂ ਜਾਂ ਵਿਪੱਖੀ ਬਹੁਮਤ ਸਰਕਾਰਾਂ ਦੇਖੀਆਂ ਹਨ ਅਤੇ ਅਸੀਂ ਅਗਾਂਹ-ਵਧੂ ਤੇ ਕਾਮਯਾਬ ਘੱਟ-ਗਿਣਤੀ ਸਰਕਾਰਾਂ ਦੇਖੀਆਂ ਹਨ ਜਿਹੜੀਆਂ ਭਾਈਵਾਲਾਂ ਨਾਲ ਰਲ ਕੇ ਕੰਮ ਕਰਦੀਆਂ ਹਨ, ਖਾਸ ਤੌਰ ਤੇ 1960 ਦੇ ਦਹਾਕੇ ਦੀਆਂ ਕੇਂਦਰੀ ਸਰਕਾਰਾਂ। ਅਸੀਂ ਇਸ ਵਿਸ਼ਵਾਸ ਦੇ ਧਾਰਨੀ ਹਾਂ ਕਿ ਸਾਡੀ ਚੋਣ ਪ੍ਰਣਾਲੀ ਨੂੰ ਨਕਲੀ ਇਕਹਰੀ ਪਾਰਟੀ ਬਹੁਮਤ ਸਰਕਾਰ ਬਣਾਉਣ ਲਈ ਨਿਰਪੱਖਤਾ ਤੇ ਪਸੰਦ ਨੂੰ ਲਿਤਾੜਨਾ ਨਹੀਂ ਚਾਹੀਦਾ।

# ਬੀ ਸੀ ਵਿੱਚ ਵੋਟਾਂ ਪਾਉਣ ਦਾ ਮੌਜੂਦਾ ਸਿਸਟਮ

## ਬਹੁਮਤ ਸਰਕਾਰ ਬਾਰੇ ਕੇਸ

ਸਾਰੇ ਇਤਿਹਾਸ ਵਿੱਚ ਬਹੁਤਾ ਸਮਾਂ ਇਸ ਸੂਬੇ ਨੇ "ਇੱਕ ਮੈਂਬਰ ਅਨੇਕਤਾ" ਚੋਣ ਪ੍ਰਣਾਲੀ ਦਾ ਇਸਤੇਮਾਲ ਕੀਤਾ ਜੋ ਆਮ ਤੌਰ ਤੇ ਫਸਟ-ਪਾਸਟ-ਦੀ-ਪੋਸਟ (FPTP)" ਨਾਮ ਨਾਲ ਮਸ਼ਹੂਰ ਹੈ ।

ਪਹਿਲਾ ਉਮੀਦਵਾਰ ਜੋ "ਫਿਨਿਸ਼ ਲਾਈਨ" ਨੂੰ ਪਾਰ ਕਰਦਾ – ਸਭ ਤੋਂ ਵੱਧ ਵੋਟਾਂ ਲੈਣ ਵਾਲਾ ਸੀਟ ਜਿੱਤ ਜਾਂਦਾ ਸੀ ਅਤੇ ਵਿਧਾਨ ਸਭਾ ਵਿੱਚ ਸਥਾਨਕ ਜ਼ਿਲ੍ਹੇ ਦਾ ਪ੍ਰਤਿਨਿੱਧ ਹੁੰਦਾ ਸੀ । ਸਭ ਤੋਂ ਵੱਧ ਸੀਟਾਂ ਵਾਲੀ ਪਾਰਟੀ ਸਰਕਾਰ ਬਣਾਉਂਦੀ । ਇਹ ਇੱਕ ਸਾਦਾ ਸਿਸਟਮ ਹੈ ।

FPTP ਦੇ (ਸਪੋਰਟਰ) ਹਮਾਇਤੀ ਇਸ ਦੇ ਬਹੁਮਤ ਸਰਕਾਰਾਂ ਬਣਾਉਣ ਦੀ ਯੋਗਤਾ ਤੇ ਇਸ ਦੇ ਹੱਕ ਵਿੱਚ ਬਹਿਸ ਕਰਦੇ ਹਨ । ਉਹ ਆਮ ਤੌਰ ਤੇ ਗਠਜੋੜ ਜਾਂ ਘੱਟ-ਗਿਣਤੀ ਸਰਕਾਰਾਂ ਵਿਚਲੀਆਂ ਛੋਟੀਆਂ ਪਾਰਟੀਆਂ ਦੀ ਅਸੰਤੁਲਤ ਸ਼ਕਤੀ ਵਿਰੁੱਧ ਸਾਵਧਾਨ ਕਰਦੇ ਹਨ, ਜਿਹੜੀਆਂ ਇਸ ਸ਼ਕਤੀ ਨੂੰ ਇਸਤੇਮਾਲ ਕਰ ਸਕਦੀਆਂ ਹਨ । ਵਿਧਾਨ ਸਭਾ ਬਹੁਮਤ ਵਾਲੀਆਂ ਸਰਕਾਰਾਂ ਕੋਈ ਵੀ ਕਾਰਵਾਈ ਕਰਨ ਲਈ ਆਪਣਾ ਅਧਿਕਾਰ ਸਮਝਦੀਆਂ ਹਨ । ਆਪਣੀਆਂ ਨੀਤੀਆਂ ਤੇ ਅਮਲ ਕਰਨ ਲਈ ਉਹਨਾਂ ਨੂੰ ਦੂਸਰੀਆਂ ਪਾਰਟੀਆਂ ਨਾਲ ਸੌਦੇਬਾਜ਼ੀ ਦੀ ਲੋੜ ਨਹੀਂ । ਉਹ ਯੋਜਨਾ ਬਣਾਉਂਦੇ ਹਨ ਅਤੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਉਹ ਲੋੜੀਂਦੇ ਪ੍ਰਬੰਧਕੀ ਤੇ ਵਿੱਤੀ ਫੈਸਲੇ ਕਰ ਲੈਂਦੇ ਹਨ । ਇਸ ਲਈ ਚੋਣਾਂ ਸਮੇਂ ਵੋਟਰਾਂ ਨੂੰ ਇਹ ਪਤਾ ਹੁੰਦਾ ਹੈ ਕਿ ਸਰਕਾਰ ਦੀਆਂ ਕਾਮਯਾਬੀਆਂ ਤੇ ਨਾਕਾਮਯਾਬੀਆਂ ਲਈ ਕੌਣ ਜ਼ਿੰਮੇਵਾਰ ਹੈ । ਉਹ ਸਪੱਸ਼ਟ ਤੌਰ ਤੇ ਸੰਕੇਤ ਦਿੰਦੇ ਹਨ ਕਿ ਉਹ ਸੂਬੇ ਵਿੱਚ ਕਿਹੜੀ ਪਾਰਟੀ ਦਾ ਰਾਜ ਚਾਹੁੰਦੇ ਹਨ ।

ਬਹੁਮਤ ਸਰਕਾਰ ਪ੍ਰਤਿ ਇਹ ਰੁਚੀ FPTP ਦਾ ਸਭ ਤੋਂ ਵੱਧ ਮਹੱਤਵਪੂਰਣ ਗੁਣ ਹੈ। ਇਸ ਦੇ ਬਗੈਰ ਵਰਤਮਾਨ ਇਤਿਹਾਸ ਦੇ ਬਹੁਤੇ ਸਮੇਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਬਹੁਮਤ ਸਰਕਾਰਾਂ ਨਾ ਹੁੰਦੀਆਂ । ਅਸਲ ਵਿੱਚ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੇ ਕਦੇ ਕਦਾਈਂ ਹੀ ਇੱਕ ਪਾਰਟੀ ਨੂੰ ਬਹੁਮਤ ਵੋਟਾਂ ਦਿੱਤੀਆਂ ਹੋਣ ।

## ਕੀ ਐਫ ਪੀ ਟੀ ਪੀ (FPTP) (ਬ੍ਰਿਟਿਸ਼ ਕੋਲੰਬੀਆ ਦੀਆਂ ਲੋੜਾ ਪੂਰੀਆਂ ਕਰਦੀ ਹੈ ?

ਐਫ ਪੀ ਟੀ ਪੀ ਦਾ ਮੁਢਲਾ ਅਸੂਲ ਸਥਾਨਕ ਪ੍ਰਤਿਨਿੱਧਤਾ ਦਾ ਹੈ । ਸੂਬੇ ਦੇ ਹਰ ਕੋਨੇ ਦੀ ਪ੍ਰਤਿਨਿੱਧਤਾ ਵਿਧਾਨ ਸਭਾ ਵਿੱਚ ਹੈ । ਵੋਟਰ ਸਿੱਧੇ ਤੌਰ ਤੇ ਹੀ ਉਸ ਨੂੰ ਚੁਣਦੇ ਹਨ ਜਿਸ ਨੂੰ ਉਹ ਆਪਣਾ ਅਤੇ ਆਪਣੀ ਕਮਿਊਨਿਟੀ ਦਾ ਪ੍ਰਤਿਨਿੱਧ ਬਣਾਉਣਾ ਚਾਹੁੰਦੇ ਹਨ । ਸੂਬੇ ਦੇ ਹਰ ਹਲਕੇ ਵਿੱਚੋਂ ਇੱਕ ਉਮੀਦਵਾਰ ਚੁਣਿਆਂ ਜਾਂਦਾ ਹੈ ।

ਅਸੀਂ ਇਸ ਵਿੱਚ ਵਿਸ਼ਵਾਸ ਰਖਦੇ ਹਾਂ ਕਿ ਬ੍ਰਿਟਿਸ਼ ਕੋਲੰਬੀਆ ਦੇ ਚੋਣ ਸਿਸਟਮ ਵਿੱਚ ਬੁਨਿਆਦੀ ਮੰਤਵ ਸਥਾਨਕ ਪ੍ਰਤਿਨਿੱਧਤਾ ਦਾ ਹੋਣਾ ਚਾਹੀਦਾ ਹੈ । ਐਫ ਪੀ ਟੀ ਪੀ ਸਿਸਟਮ ਦੇ ਅਧਾਰ ਤੇ ਪਿਛਲੇ ਸਮੇਂ ਵਿੱਚ ਸਥਾਨਕ ਪ੍ਰਤਿਨਿੱਧਤਾ ਨੇ ਕੰਮ ਕੀਤਾ ਹੈ । ਹੁਣ ਇਸ ਨੂੰ ਬੜੀ ਅਸਾਨੀ ਨਾਲ ਘੱਟੋ ਘੱਟ ਦੋ ਤਰੀਕਿਆਂ ਰਾਹੀਂ ਇਸ ਦਾ ਹੱਲ ਕਰ ਲੈਣਾ ਚਾਹੀਦਾ ਹੈ ।

- ਜਿਹੜੇ ਨਾਗਰਿਕ ਖਾਸ ਪਾਰਟੀ ਦੀ ਹਮਾਇਤ ਕਰਨਾ ਚਾਹੁੰਦੇ ਹਨ ਉਹ ਉਸ ਇਕੱਲੇ ਉਮੀਦਵਾਰ ਨੂੰ ਵੋਟ ਜ਼ਰੂਰ ਪਾਉਣ ਜਿਹੜਾ ਪਾਰਟੀ ਨੇ ਖੜ੍ਹਾ ਕੀਤਾ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਉਹ ਉਸ ਸਥਾਨਕ ਉਮੀਦਵਾਰ ਨੂੰ ਵੋਟ ਪਾਉਣ ਜਿਸ ਨੂੰ ਉਹ ਚਾਹੁੰਦੇ ਹਨ । ਆਮ ਤੌਰ ਤੇ ਇਸ ਦਾ ਇਹ ਮਤਲੱਬ ਹੈ ਕਿ ਅਸਲ ਮੁਕਾਬਲਾ ਪਾਰਟੀ ਦੇ ਉਮੀਦਵਾਰ ਦਾ ਹੈ ਨਾ ਕਿ ਚੋਣਾਂ ਵਾਲੇ ਦਿਨ ਵੋਟਰਾਂ ਦੀ ਹਮਾਇਤ ਦਾ ।
- ਵਿਧਾਨ ਸਭਾ ਦੇ ਮੈਂਬਰਾਂ ਨੂੰ ਪਾਰਟੀ ਅਨੁਸ਼ਾਸ਼ਨ ਇੱਕ ਦਮ ਪਾਰਟੀ ਸਮੱਰਥਕ ਵਿੱਚ ਬਦਲ ਦਿੰਦਾ ਹੈ ਨਾ ਕਿ ਸਥਾਨਕ ਸਮੱਰਥਕ । ਬਹੁਤ ਸਾਰੇ ਬ੍ਰਿਟਿਸ਼ ਕੋਲੰਬੀਆ ਨਾਗਰਿਕ ਅਜ ਕਲ ਦੇਖ ਰਹੇ ਹੋਣਗੇ ਕਿ ਐਮ ਐਲ ਏ "ਵਿਕਟੋਰੀਆ ਦੀ ਅਵਾਜ਼ ਨੂੰ ਲੋਕਾਂ ਤੱਕ ਲੈ ਕੇ ਆਉਂਦੇ ਹਨ ਨਾ ਕਿ "ਲੋਕਾਂ ਦੀ ਅਵਾਜ਼ ਨੂੰ ਵਿਕਟੋਰੀਆ ਤੱਕ ।"

ਐਫ ਪੀ ਟੀ ਪੀ ਸਧਾਰਣ ਸਿਸਟਮ ਹੈ – ਵੋਟਰਾਂ ਨੂੰ ਸਿਰਫ ਇੱਕ ਵਿਅੱਕਤੀ ਦੇ ਨਾਮ ਦੇ ਸਾਹਮਣੇ "X" ਲਾਉਣ ਦੀ ਲੋੜ ਹੈ । ਕਿਵੇਂ ਵੀ ਹੈ ਐਫ ਪੀ ਟੀ ਪੀ ਨਿਰਪੱਖ ਚੋਣ ਨਤੀਜਿਆਂ ਦਾ ਨਾਂ ਹੀ ਵਾਅਦਾ ਕਰਦਾ ਹੈ ਤੇ ਨਾ ਹੀ ਨਿਰਪੱਖ ਚੋਣ ਨਤੀਜੇ ਪੇਸ਼ ਕਰਦਾ ਹੈ । ਪਾਰਟੀ ਵੱਲੋਂ ਵਿਧਾਨ ਸਭਾ ਵਿਚਲੀਆਂ ਸੀਟਾਂ ਦਾ ਅਤੇ ਪਈਆਂ ਵੋਟਾਂ ਦਾ ਆਪਸ ਵਿੱਚ ਕੋਈ ਵੀ ਤਾਰਕਿਤ ਤੇ ਯੋਜਨਾ-ਬੱਧ ਰਿਸ਼ਤਾ ਨਹੀਂ ਹੈ । ਸਥਾਨਕ ਉਮੀਦਵਾਰਾਂ ਨੂੰ ਆਪਣੇ ਜ਼ਿਲ੍ਹੇ ਵਿੱਚ ਜਿੱਤਣ ਲਈ ਬਹੁਮਤ ਲੈਣ ਦੀ ਲੋੜ ਨਹੀਂ । ਬਹੁਤ ਹੀ ਅਸਧਾਰਣ ਕੇਸਾਂ ਵਿੱਚ ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਸੰਨ 1996 ਵਿੱਚ ਹੋਇਆ – ਜਿਸ ਪਾਰਟੀ ਕੋਲ ਬਹੁਤੀਆਂ ਵੋਟਾਂ ਸਨ, ਉਹ ਚੋਣਾਂ ਹਾਰ ਗਈ । ਜਿਹਨਾਂ ਕੋਲ ਆਪਣੇ ਵਿਰੋਧੀਆਂ ਨਾਲੋਂ ਘੱਟ ਵੋਟਾਂ ਸਨ, ਉਹਨਾਂ ਦੀ ਸਰਕਾਰ ਚੁਣੀ ਗਈ । ਆਧੁਨਿਕ ਲੋਕਰਾਜ ਵਿੱਚ ਇਹ ਜਾਇਜ਼ ਨਹੀਂ ।

ਐਫ ਪੀ ਟੀ ਪੀ ਸਿਸਟਮ ਹੋਰ ਵੀ ਬਹੁਤ ਸਾਰੇ ਅਣਚਾਹੇ ਪਰਿਣਾਮ (ਨਤੀਜੇ) ਪੈਦਾ ਕਰਦਾ ਹੈ । ਸੰਨ 2001 ਦੀਆਂ ਚੋਣਾਂ ਵਿੱਚ ਵਿਰੋਧੀ ਪਾਰਟੀ ਨੂੰ ਵਿਧਾਨ ਸਭਾ ਦੀਆਂ 79 ਸੀਟਾਂ ਵਿੱਚੋਂ ਸਿਰਫ ਦੋ ਸੀਟਾਂ ਹੀ ਪ੍ਰਾਪਤ ਹੋਈਆਂ ਜਦ ਕਿ ਇਸ ਨੇ 42% (ਪ੍ਰਤੀਸ਼ਤ) ਜਨਤਕ ਵੋਟ ਜਿੱਤੇ । ਇਹ ਸਿਰਫ ਨਾਵਾਜਬ ਹੀ ਨਹੀਂ ਸਗੋਂ ਵਿਰੋਧੀ ਪਾਰਟੀ ਏਨੀ ਕਮਜ਼ੋਰ ਰਹਿ ਗਈ ਕਿ ਵਿਧਾਨਕਾਰ/ਵਿਧਾਇਕ ਸਰਕਾਰ ਦੀ ਜੁਆਬ-ਤਲਬੀ ਨਹੀਂ ਕਰ ਸਕਦੇ । ਜ਼ਿੰਮੇਵਾਰ ਸਰਕਾਰ ਦੇ ਮੁਢਲੇ ਅਸੂਲਾਂ ਅਤੇ ਸਾਰੇ ਵਿਧਾਨ ਦੇ ਅੰਤਹਕਰਣ ਤੇ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ । ਬਹੁਤੇ ਨਾਗਰਿਕ ਇਹ ਸਮਝਦੇ ਹਨ ਕਿ ਇਹਨਾਂ ਨਤੀਜਿਆਂ ਲਈ ਮੌਜੂਦਾ ਸਿਸਟਮ ਹੀ ਜ਼ਿੰਮੇਵਾਰ ਹੈ ਅਤੇ ਉਹ ਇਹ ਵੀ ਜਾਣਦੇ ਹਨ ਕਿ ਇਹ ਨਾ ਤਾਂ ਸਹੀ ਹੈ ਅਤੇ ਨਾ ਹੀ ਸਵੀਕਾਰ ਹੈ ।

ਬਹੁਤ ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਨੇ ਸਾਨੂੰ ਦੱਸਿਆ ਹੈ ਕਿ ਸਿਆਸੀ ਪਾਰਟੀਆਂ ਇਸ ਸਿਸਟਮ ਤੇ ਬਹੁਤ ਅਸਾਨੀ ਨਾਲ ਭਾਰੂ ਹੋ ਜਾਂਦੀਆਂ ਹਨ । ਇਹ ਸਥਾਨਕ ਪ੍ਰਤਿਨਿੱਧਤਾ ਤਾਂ ਦਿੰਦਾ ਹੈ ਪਰ ਪਾਰਟੀ ਅਨੁਸ਼ਾਸਨ ਬੜੀ ਅਸਾਨੀ ਨਾਲ ਇਸ ਦਾ ਗਲ ਘੁੱਟ ਦਿੰਦਾ ਹੈ ਅਤੇ ਇਹ ਵੋਟਰਾਂ ਦੇ ਫੈਸਲੇ ਅਤੇ ਚੋਣ ਨਤੀਜਿਆਂ ਨੂੰ ਜੋੜਨ ਵਿੱਚ ਫੇਲ੍ਹ ਹੋ ਜਾਂਦਾ ਹੈ । ਇਸ ਤਰ੍ਹਾਂ ਵੋਟਰਾਂ ਦੀ ਪਸੰਦ ਘਟ ਜਾਂਦੀ ਹੈ । ਅਸੀਂ ਸਹਿਮਤ ਹਾਂ ।

## ਬੀ ਸੀ-ਐਸ ਟੀ ਵੀ: ਬੀ ਸੀ ਵਿੱਚ ਵੋਟਾਂ ਪਾਉਣ ਦਾ ਨਵਾਂ ਤਰੀਕਾ

ਬੀ ਸੀ ਐਸ ਟੀ ਵੀ "ਇਕਹਰੀ ਤਬਾਦਲੇ ਯੋਗ ਵੋਟ "(STV)" ਸਿਸਟਮ ਹੈ । ਇਸ ਸਿਸਟਮ ਦੇ ਮੁੱਖ ਲੱਛਣ ਇਹ ਹਨ । ਇੱਕ ਨਾਮ ਦੇ ਮੋਹਰੇ "X" ਲਾਉਣ ਦੀ ਬਜਾਏ ਵੋਟ ਪਾਉਣ ਵਾਲਾ (ਵੋਟਰ) ਆਪਣੀ ਸਭ ਤੋਂ ਵੱਧ ਪਸੰਦ ਦੇ ਉਮੀਦਵਾਰ ਤੋਂ ਲੈ ਕੇ ਘੱਟ ਪਸੰਦ ਉਮੀਦਵਾਰ ਤੱਕ ਨੰਬਰ ਲਾਏਗਾ । (ਜਿਵੇਂ ਕਿ 1, 2, 3, 4, ਆਦਿ) । ਜੇ ਕਰ ਵੋਟਰ ਦੀ ਮਨ ਪਸੰਦ ਦਾ ਉਮੀਦਵਾਰ (#1) ਨਹੀਂ ਚੁਣਿਆਂ ਜਾਂਦਾ ਜਾਂ ਉਸ ਕੋਲ ਉਸ ਨਾਲੋਂ ਵਾਧੂ ਵੋਟਾਂ ਹਨ ਜਿੰਨੀਆਂ ਕਿ ਚੁਣੇ ਜਾਣ ਲਈ ਚਾਹੀਦੀਆਂ ਹਨ ਤਾਂ ਉਸ ਵੋਟਰ ਦੀ ਵੋਟ ਉਸ ਤੋਂ ਅਗਲੇ ਉਸ ਦੇ ਪਸੰਦ ਦੇ ਉਮੀਦਵਾਰ (#2) ਲਈ ਤਬਦੀਲ ਕਰ ਦਿੱਤੀ ਜਾਂਦੀ ਹੈ । ਵੋਟ ਵਿਅਰਥ / ਅਜਾਈਂ ਜਾਣ ਦੀ ਬਜਾਏ ਗਿਣੀ ਜਾਂਦੀ ਹੈ । ਇਸ ਸਿਸਟਮ ਦਾ ਮੁੱਖ ਮੰਤਵ ਇਹ ਹੈ ਕਿ ਹਰ ਵੋਟ ਗਿਣੀ ਜਾਵੇ ।

ਅਸੀਂ ਇਹ ਸਿਫਾਰਸ਼ ਕਰਦੇ ਹਾਂ ਕਿ ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਨੂੰ ਬੀ ਸੀ-ਐਸ ਟੀ ਵੀ ਵੋਟ ਪਾਉਣ ਦਾ ਸਿਸਟਮ (ਵੋਟਿੰਗ ਸਿਸਟਮ) ਅਪਨਾਉਣਾ ਚਾਹੀਦਾ ਹੈ । ਸਾਨੂੰ ਇਹ ਵਿਸ਼ਵਾਸ਼ ਹੋ ਗਿਆ ਹੈ ਕਿ ਇਸ ਸਿਸਟਮ ਵਿੱਚ ਉਚਿੱਤ ਚੋਣ ਨਤੀਜੇ, ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਅਤੇ ਵੋਟਰਾਂ ਲਈ ਵਧੇਰੇ ਪਸੰਦ ਦੇ ਤੱਤ ਮੌਜੂਦ ਹਨ ।

### ਉਚਿੱਤ ਚੋਣ ਨਤੀਜੇ

ਅਨੁਪਾਤ ਅਨੁਸਾਰ-ਇਹ ਨਿਸਚਿਤ ਬਨਾਉਣਾ ਹੈ ਕਿ ਵਿਧਾਨ ਸਭਾ ਵਿੱਚ ਹਰ ਪਾਰਟੀ ਦੀਆਂ ਸੀਟਾਂ ਦਾ ਹਿੱਸਾ ਸਹੀ ਵੋਟਾਂ ਦੇ ਹਿੱਸੇ ਅਨੁਸਾਰ ਹੋਵੇ-ਇਹ ਉਚਿੱਤ ਚੋਣ ਨਤੀਜਿਆਂ ਦੀ ਬੁਨਿਆਦ ਹੈ । ਇੱਕ ਅਨੁਪਾਤਕ ਸਿਸਟਮ ਲਈ ਬਹੁ-ਮੈਂਬਰ ਜ਼ਿਲ੍ਹਿਆਂ (ਹਲਕਿਆਂ) ਦੀ ਲੋੜ ਹੈ ਤਾਂ ਕਿ ਵਿਧਾਨ ਸਭਾ ਵਿਚਲੀਆਂ ਸੀਟਾਂ ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਵੱਲੋਂ ਪਾਈਆਂ ਵੋਟਾਂ ਦਾ ਪ੍ਰਤਿਬਿੰਬ ਹੋਵੇ ਅਤੇ ਵੋਟਰ ਉਸ ਉਮੀਦਵਾਰ ਨੂੰ ਚੁਣ ਸਕਣਗੇ ਜਿਹੜਾ ਉਹਨਾਂ ਦੀਆਂ ਇਛਾਵਾਂ ਦੀ ਨੁਮਾਇੰਦਗੀ ਕਰ ਸਕੇ ।

ਸਾਡੇ ਮੌਜੂਦਾ ਸਿੰਗਲ-ਮੈਂਬਰ (ਇੱਕ ਮੈਂਬਰ) ਜ਼ਿਲ੍ਹਿਆਂ ਵਿੱਚ ਅਨੁਪਾਤਤਾ ਸੰਭਵ ਨਹੀਂ । ਚੋਣ ਜ਼ਿਲ੍ਹਿਆਂ (ਹਲਕਿਆਂ) ਨੂੰ ਆਪਸ ਵਿੱਚ ਮਿਲਾਉਣਾ ਪਵੇਗਾ ਅਤੇ ਹਰ ਨਵੇਂ ਜ਼ਿਲ੍ਹੇ ਲਈ ਦੋ ਤੋਂ ਸੱਤ ਮੈਂਬਰ ਹੋਣਗੇ । ਬਹੁਤ ਹੀ ਉਚਿੱਤ ਨਤੀਜਿਆਂ ਲਈ ਜ਼ਿਲ੍ਹਿਆਂ (ਹਲਕਿਆਂ) ਦੀ ਹਲਕਾਬੰਦੀ ਇਸ ਢੰਗ ਨਾਲ ਕੀਤੀ ਜਾਵੇਗੀ ਕਿ ਉਸ ਵਿੱਚ ਜਿੰਨੇ ਮੈਂਬਰ ਸੰਭਵ ਹਨ, ਉਹ ਸ਼ਾਮਲ ਹੋ ਸਕਦੇ ਹੋਣ । ਇਹ ਜ਼ਰੂਰੀ ਨਹੀਂ ਕਿ ਵਿਧਾਨ ਸਭਾ ਵਿੱਚ ਐਮ ਐਲ ਏ (ਵਿਧਾਇਕਾਂ) ਦੀ ਗਿਣਤੀ ਵਿੱਚ ਤਬਦੀਲੀ ਹੋਵੇ । ਨਾ ਹੀ ਕਿਸੇ ਖੇਤਰ ਦੇ ਵਿਧਾਇਕਾਂ ਦੀ ਗਿਣਤੀ ਵਿੱਚ ਤਬਦੀਲੀ ਆਏਗੀ ।

ਬੀ ਸੀ-ਐਸ ਟੀ ਵੀ ਉਚਿੱਤ ਨਤੀਜੇ ਸਾਹਮਣੇ ਲਿਆਵੇਗੀ ਪਰ ਅਜਿਹੇ ਬਹੁਤੇ ਛੋਟੇ ਮੋਟੇ ਨਹੀਂ ਅਤੇ ਨਾ ਹੀ ਦੂਸਰੇ ਦੇਸ਼ ਵਰਗੇ, ਜਿੱਥੇ ਵੱਖਰੇ ਅਨੁਪਾਤੀ ਸਿਸਟਮ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਵੇਂ ਕਿ ਇਜ਼ਰਾਈਲ (Isreal) |

### ਅਸਰਦਾਇਕ ਸਥਾਨਕ ਪ੍ਰਤਿਨਿੱਧਤਾ

ਬ੍ਰਿਟਿਸ਼ ਕੋਲੰਬੀਆ ਵਿੱਚ ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਦੇ ਰਾਹ ਵਿੱਚ ਦੋ ਰੋੜੇ ਅਟਕ ਰਹੇ ਹਨ । ਪਹਿਲਾ ਹੈ ਭੂਗੋਲਿਕ ਅਤੇ ਦੂਸਰਾ ਹੈ ਰਾਜਨੀਤਿਕ । ਬੀ ਸੀ-ਐਸ ਟੀ ਵੀ ਨੇ ਇਹਨਾਂ ਦੋਨਾਂ ਨੂੰ ਹਟਾ ਦਿੱਤਾ ਹੈ ।

**ਭੂਗੋਲਿਕ**: ਐਮ ਐਲ ਏ ਆਪਣੀਆਂ ਸਥਾਨਕ ਕਮਿਊਨਿਟੀਆਂ ਦੀ ਪ੍ਰਤਿਨਿਧਤਾ ਕਰਨਗੇ । ਬ੍ਰਿਟਿਸ਼ ਕੋਲੰਬੀਆ ਵਿੱਚ ਛੋਟੇ ਪਰ ਸੰਘਣੀ ਵਸੋਂ ਵਾਲੇ ਸ਼ਹਿਰੀ ਹਲਕਿਆਂ ਵਿੱਚ ਇਲਾਕਾ ਨਿਵਾਸੀਆਂ ਦੀ ਜਾਂ ਫਿਰ ਵੱਡੇ ਘੱਟ ਵਸੋਂ ਵਾਲੇ ਦਿਹਾਤੀ ਹਲਕਿਆਂ ਦੇ ਨਿਵਾਸੀਆਂ ਦੀ ਪ੍ਰਤਿਨਿੱਧਤਾ ਕਰਨਗੇ । ਜਿਹੜੇ ਸਾਡੇ ਵਿੱਚੋਂ -----

**ਬੀ ਸੀ-ਐਸ ਟੀ ਵੀ ਬੈਲਟ**

- ਤਿੰਨ ਮੈਂਬਰ ਚੁਣੇ ਜਾਣੇ ਹਨ
- ਆਪਣੀ ਪਸੰਦ ਅਨੁਸਾਰ ਬੌਕਸ ਵਿੱਚ ਨੰਬਰ ਲਾਓ
- ਇਹਨਾਂ ਵਿੱਚੋਂ ਇੱਕ ਬੌਕਸ ਵਿੱਚ ਨੰਬਰ "1" ਲਿਖੋ ਤੇ ਆਪਣੀ ਪਸੰਦ ਦੀ ਤਰਜੀਹ ਅਨੁਸਾਰ ਦੂਸਰੇ ਜਿੰਨੇ ਮਰਜ਼ੀ ਨੰਬਰ ਲਿਖੋ ।

| | | |
|---|---|---|
| **Smith**, Freda | Apple Party | 4 |
| **Gill**, Steven | Apple Party | 1 |
| **Howard**, Brenda | Apple Party | 2 |
| **Robert**, Saul | Indepentant | 3 |
| **Jansen**, Doug | Pear Party | 6 |
| **Wong**, Lisa | Pear Party | |
| **Lewis**, Peter | Pear Party | |
| **Savoie**, Christine | Mango Party | 5 |

ਪਹਿਲੀ ਤਰਜੀਹ-ਏ '1' ਉਮੀਦਵਾਰ ਦੇ ਨਾਮ ਦੇ ਅੱਗੇ ਵਾਲੇ ਬੌਕਸ ਵਿੱਚ ਏ 1- ਪਹਿਲਾਂ ਗਿਣਿਆਂ ਜਾਵੇਗਾ । ਜੇ ਲੋੜ ਪਵੇਗੀ ਤਾਂ ਹੀ ਦੂਸਰੀ ਤਰਜੀਹ ਅਤੇ ਉਸ ਤੋਂ ਬਾਅਦ ਤਰਜੀਹ ਵਾਲੇ ਗਿਣੇ ਜਾਣਗੇ ।

---

ਸੂਬੇ ਦੇ ਦਿਹਾਤੀ ਅਤੇ ਦੂਰ ਦੁਰਾਡੇ ਹਿੱਸਿਆਂ ਵਿੱਚ ਰਹਿਣ ਵਾਲੇ ਨਾਗਰਿਕ ਦੂਰੀ ਤੇ ਬੈਠੇ ਐਮ ਐਲ ਏ ਨੂੰ ਸਮੇਂ ਸਿਰ ਮਿਲਣ ਲਈ ਜਾਂ ਜਨਤਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਆ ਰਹੀਆਂ ਮੁਸ਼ਕਲਾਂ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹਨ ।

ਬੀ ਸੀ-ਐਸ ਟੀ ਵੀ ਵੱਖ ਵੱਖ ਖੇਤਰੀ ਲੋੜਾਂ ਅਨੁਸਾਰ ਹੋਵੇਗਾ । ਸਾਡੇ ਨਵੇਂ ਸਿਸਟਮ ਵਿੱਚ ਚੋਣ ਜ਼ਿਲ੍ਹਿਆਂ ਦਾ ਇਸ ਪ੍ਰਕਾਰ ਪ੍ਰਬੰਧ ਕੀਤਾ ਜਾਵੇਗਾ ਕਿ ਇਹਨਾਂ ਮੁਸ਼ਕਲਾਂ ਨੂੰ ਘੱਟ ਕੀਤਾ ਜਾਵੇ ਅਤੇ ਅਨੁਪਾਤਤਾ ਵੀ ਯਕੀਨੀ ਬਣਾਈ ਜਾਵੇ । ਉੱਤਰ ਅਤੇ ਦੱਖਣ-ਪੂਰਬ ਵਿੱਚ ਦਾ ਭਾਵ ਹੈ ਕਿ ਅਜਿਹੇ ਜ਼ਿਲ੍ਹੇ ਅਪਨਾਉਣੇ ਜਿੱਥੇ ਦੋ ਤੋਂ ਤਿੰਨ ਮੈਂਬਰ ਹੋਣ । ਸੂਬੇ ਦੇ ਦੱਖਣੀ ਕੇਂਦਰ ਅਤੇ ਦੱਖਣ-ਪੱਛਮ ਵਿੱਚ ਨਵੇਂ ਜ਼ਿਲ੍ਹੇ ਬਣਾਏ ਜਾਣਗੇ । ਇਸ ਦਾ ਭਾਵ ਹੈ ਕਿ ਇਥੇ ਮੈਂਬਰਾਂ ਦੀ ਗਿਣਤੀ ਚਾਰ ਅਤੇ ਸੱਤ ਵਿਚਕਾਰ ਹੋਵੇਗੀ। ਹਰ ਖੇਤਰ ਲਈ ਮੈਂਬਰਾਂ ਦੀ ਗਿਣਤੀ ਇੱਕੋ ਜਿਹੀ ਰਹੇਗੀ । ਕੋਈ ਵੀ ਖੇਤਰ ਆਪਣੀ ਪ੍ਰਤਿਨਿੱਧਤਾ ਨਹੀਂ ਗਵਾਏਗਾ ਪਰ ਹਰੇਕ ਵਧੀਆ ਅਨੁਪਾਤ ਲਈ ਯੋਗਦਾਨ ਪਾਏਗਾ ।

## ਬੀ ਸੀ-ਐਸ ਟੀ ਵੀ ਕਿਵੇਂ ਕੰਮ ਕਰੇਗੀ *

- ਚੋਣ ਹਲਕਿਆਂ ਵਿੱਚ ਇੱਕ ਤੋਂ ਵੱਧ ਐਮ ਐਲ ਏ ਹੋਣਗੇ ।
- ਵੋਟਰ ਉਮੀਦਵਾਰਾਂ ਨੂੰ ਆਪਣੇ ਤਰਜੀਹ ਪਸੰਦ ਮੁਤਾਬਕ ਚੁਣਣਗੇ-1, 2, 3, 4 ਆਦਿ ।
- ਚੋਣ ਵਾਸਤੇ ਕਿੰਨੀਆਂ ਵੋਟਾਂ ਦੀ ਲੋੜ ਹੈ (ਇਸ ਨੂੰ ਕੋਟਾ ਕਹਿੰਦੇ ਹਨ), ਉਸ ਦਾ ਹਿਸਾਬ ਲਾਇਆ ਜਾਵੇਗਾ ।
- ਹਰ ਇੱਕ ਦੀ ਪਹਿਲੀ ਤਰਜੀਹ ਵੋਟ ਗਿਣੀ ਜਾਵੇਗੀ ।
- ਜਿਹੜਾ ਵੀ ਉਮੀਦਵਾਰ ਕੋਟੇ ਅਨੁਸਾਰ ਵੋਟਾਂ ਲੈ ਗਿਆ, ਉਹ ਚੁਣਿਆਂ ਜਾਵੇਗਾ ।
- ਜੇ ਕਿਸੇ ਉਮੀਦਵਾਰ ਕੋਲ ਲੋੜ ਤੋਂ ਵੱਧ ਵੋਟਾਂ ਹਨ ਤਾਂ ਉਹ ਵੋਟਾਂ ਵਿਅਰਥ ਨਹੀਂ ਜਾਣਗੀਆਂ ਸਗੋਂ ਉਹ ਵੋਟਾਂ ਉਸ ਦੀ ਦੂਜੀ ਤਰਜੀਹ (ਪਸੰਦ) ਨੂੰ ਤਬਦੀਲ ਕੀਤੀਆਂ ਜਾਣਗੀਆਂ ।
- ਜੇ ਕਰ ਕੋਈ ਵੀ ਨਹੀਂ ਚੁਣਿਆਂ ਜਾਂਦਾ ਤਾਂ ਸਭ ਤੋਂ ਘੱਟ ਵੋਟਾਂ ਵਾਲੇ ਨੂੰ ਲਾਂਭੇ ਕਰ ਦਿੱਤਾ ਜਾਵੇਗਾ ਅਤੇ ਉਸ ਦੀਆਂ ਵੋਟਾਂ ਉਸ ਦੀ ਅਸਲੀ ਪਸੰਦ ਨੂੰ ਤਬਦੀਲ ਕੀਤੀਆਂ ਜਾਣਗੀਆਂ ।
- ਇਹ ਪ੍ਰਕ੍ਰਿਆ ਉਦੋਂ ਤੱਕ ਚਲਦੀ ਰਹੇਗੀ ਜਿੰਨਾਂ ਚਿਰ ਹਲਕੇ ਦੇ ਸਾਰੇ ਐਮ ਐਲ ਏ ਚੁਣੇ ਨਹੀਂ ਜਾਂਦੇ ।
- ਕੁਝ ਵੋਟਾਂ ਵਿਅਰਥ ਹੋ ਜਾਂਦੀਆਂ ਹਨ ਪਰ ਬਹੁਤੇ ਵੋਟਰ ਕਿਸੇ ਨੂੰ ਚੁਨਣ ਵਿੱਚ ਫਰਕ ਪਾ ਸਕਦੇ ਹਨ ।

- ਇਹ ਇੱਕ ਅਨੁਪਾਤ ਸਿਸਟਮ ਹੈ । ਇੱਕ ਪਾਰਟੀ ਜਿੰਨੀਆਂ ਸੀਟਾਂ ਜਿੱਤਦੀ ਹੈ, ਉਹ ਲੋਕਪ੍ਰਿਯ ਵੋਟਾਂ ਨਾਲ ਮੇਲ ਖਾਦੀਆਂ ਹਨ ।

ਪੇਸ਼ ਕੀਤੀ ਗਈ ਤਜਵੀਜ਼ ਦੇ ਟੈਕਨੀਕਲ ਪਹਿਲੂਆਂ ਦਾ ਪੂਰਾ ਬਿਰਤਾਂਤ ਟੈਕਨੀਕਲ ਰਿਪੋਰਟ ਵਿੱਚ ਦਿੱਤੇ ਸਿਰਲੇਖ "ਦੀ ਰੈਕਮੈਂਡਿਡ ਬੀ ਸੀ-ਐਸ ਟੀ ਵੀ" ਚੋਣ ਸਿਸਟਮ ਵਿੱਚੋਂ ਲੱਭਿਆ ਜਾ ਸਕਦਾ ਹੈ ।

**ਰਾਜਨੀਤਿਕ:** ਸਾਡੇ ਮੌਜੂਦਾ ਚੋਣ ਸਿਸਟਮ ਵਿੱਚ ਐਮ ਐਲ ਏ ਜਿਹਨਾਂ ਕਮਿਊਨਿਟੀਆਂ ਦੀ ਪ੍ਰਤਿਨਿਧੱਤਾ ਕਰਦੇ ਹਨ, ਉਹਨਾਂ ਨੂੰ ਰਾਜਨੀਤਿਕ ਪਾਰਟੀਆਂ ਕੰਟਰੋਲ ਕਰਦੀਆਂ ਹਨ, ਉਥੋਂ ਦੇ ਵੋਟਰ ਨਹੀਂ । ਬੀ ਸੀ-ਐਸ ਟੀ ਵੀ ਸਿਸਟਮ ਇਸ ਅਸੰਤੁਲਤਾ ਨੂੰ ਠੀਕ ਕਰਦਾ ਹੈ । ਇਹ ਵੋਟਰ ਕੇਂਦਰਿਤ ਹੈ ਅਤੇ ਉਮੀਦਵਾਰ ਤੇ ਫੋਕਸ ਹੈ। ਚੁਣੇ ਜਾਣ ਵਾਸਤੇ ਉਮੀਦਵਾਰ ਨੂੰ ਕਮਿਊਨਿਟੀ ਨੂੰ ਪਹਿਲ ਦੇਣੀ ਪਵੇਗੀ ।

**ਵੋਟਰਾਂ ਕੋਲ ਵਧੇਰੇ ਪਸੰਦ**

ਬੀ ਸੀ-ਐਸ ਟੀ ਵੀ ਸਿਸਟਮ ਵਿੱਚ ਵਧੇਰੇ ਪਸੰਦ ਹੈ । ਇਸ ਵਿੱਚ ਵੋਟਰਾਂ ਕੋਲ ਵਧੇਰੇ ਸ਼ਕਤੀ ਹੈ । ਉਹ ਇਹ ਨਿਰਧਾਰਤ ਕਰ ਸਕਦੇ ਹਨ ਕਿ ਉਹਨਾਂ ਦਾ ਉਮੀਦਵਾਰ ਕੋਣ ਹੋਵੇਗਾ । ਇਹ ਵੋਟਰਾਂ ਨੂੰ ਪਾਰਟੀ ਅਤੇ ਉਮੀਦਵਾਰਾਂ ਵਿਚਕਾਰ ਚੋਣ ਕਰਨ ਦੀ ਆਗਿਆ ਦਿੰਦਾ ਹੈ । ਇਸ ਵਿੱਚ ਵੋਟਰਾਂ ਨੂੰ ਇਹ ਦੱਸਣ ਦੀ ਵੀ ਆਗਿਆ ਹੈ ਕਿ ਉਹ ਕਿਹੜੇ ਉਮੀਦਵਾਰ ਨੂੰ ਕਿੰਨਾਂ ਪਸੰਦ ਕਰਦੇ ਹਨ ਤੇ ਕਿਸ ਤਰਤੀਬ ਨਾਲ । ਇਹ ਵੀ ਯਕੀਨੀ ਹੈ ਕਿ ੳਹਨਾਂ ਦੀ ਪਸੰਦ ਗਿਣੀ ਜਾਵੇ । ਇਹ ਸਿਸਟਮ ਘੱਟ ਪ੍ਰਤਿਨਿੱਧਤਾ ਵਾਲੇ ਗਰੁੱਪਾਂ ਦੇ ਉਮੀਦਵਾਰਾਂ ਨੂੰ ਵੀ ਵਧੇਰੇ ਮੌਕੇ ਦਿੰਦਾ ਹੈ ।

ਬੀ ਸੀ-ਐਸ ਟੀ ਵੀ ਇੱਕੋ ਇੱਕ ਅਨੁਪਾਤਕ ਸਿਸਟਮ ਹੈ ਜਿਸ ਵਿੱਚ ਅਜ਼ਾਦ ਉਮੀਦਵਾਰਾਂ ਨੂੰ ਵੀ ਆਗਿਆ ਦਿੱਤੀ ਗਈ ਹੈ ਅਤੇ ਚੁਣੇ ਜਾਣ ਦੇ ਸਹੀ ਮੌਕੇ ਹਨ । ਭਾਵੇਂ ਇਹ ਬਹੁਤ ਹੀ ਘੱਟ ਹੈ ਫਿਰ ਵੀ ਸਾਡਾ ਵਿਸ਼ਵਾਸ ਹੈ ਕਿ ਅਜ਼ਾਦ ਉਮੀਦਵਾਰਾਂ ਨੂੰ ਸੂਬਾਈ ਚੋਣਾਂ ਵਿੱਚ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰ ਦੇ ਬਰਾਬਰ ਦਾ ਭਾਗ ਲੈਣਾ ਚਾਹੀਦਾ ਹੈ ।

ਬੀ ਸੀ-ਐਸ ਟੀ ਵੀ ਬ੍ਰਿਟਿਸ਼ ਕੋਲੰਬੀਆ ਦੀਆਂ ਮੁਢਲੀਆਂ ਕਦਰਾਂ-ਕੀਮਤਾਂ ਅਨੁਸਾਰ ਹੈ । ਇਹ ਉਚਿੱਤ ਨਤੀਜੇ, ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਅਤੇ ਵਧੇਰੇ ਵੋਟਰ ਪਸੰਦ ਪ੍ਰਦਾਨ ਕਰਦੀ ਹੈ ਅਤੇ ਚੋਣ ਰਾਜਨੀਤੀ ਦੀਆਂ ਤਿੰਨ ਕਦਰਾਂ-ਕੀਮਤਾਂ ਨੂੰ ਸੰਤੁਲਤ ਵਿੱਚ ਰਖਦੀ ਹੈ । ਇਸ ਨਾਲ ਮਿਲਦੇ ਜੁਲਦੇ ਅਜਿਹੇ ਸਿਸਟਮ ਬੜੀ ਕਾਮਯਾਬੀ ਨਾਲ ਵਰਤੇ ਗਏ ਹਨ । ਕਈ ਕੇਸਾਂ ਵਿੱਚ ਦਹਾਕਿਆਂ-ਬੱਧੀ ਅਸਟ੍ਰੇਲੀਆ, ਯੂਨਾਈਟਿਡ ਕਿੰਗਡਮ ਅਤੇ ਰੀਪਬਲਿਕ ਔਫ ਆਇਰਲੈਂਡ ਵਿੱਚ ਵੱਖੋ ਵੱਖਰੇ ਅਹੁਦਿਆਂ ਲਈ ਮੈਂਬਰ ਚੁਨਣ ਲਈ । ਉਹ ਦੇਸ਼ ਜਿਹੜੇ ਸਾਡੀ ਵੈਸਟਮਿਨਸਟਰ ਪਾਰਲੀਮੈਂਟਰੀ ਮਰਯਾਦਾ ਸਾਂਝੀ ਕਰਦੇ ਹਨ । ਆਇਰਿਸ਼ ਸਰਕਾਰ ਨੇ ਐਸ ਟੀ ਵੀ ਨੂੰ ਖਤਮ ਕਰਨ ਲਈ ਦੋ ਵਾਰ ਰਾਏਸ਼ੁਮਾਰੀ ਕਰਵਾਈ ਪਰ ਦੋਨੋਂ ਵਾਰੀ ਵੋਟਰਾਂ ਨੇ ਨਾਂਹ ਵਿੱਚ ਉੱਤਰ ਦਿੱਤਾ - (ਖਤਮ ਨਹੀਂ ਹੋਣ ਦਿੱਤੀ) । ਇਹ ਸਿਸਟਮ ਵੋਟਰਾਂ ਵੱਲੋਂ ਵੋਟਰਾਂ ਲਈ ਡਿਜ਼ਾਈਨ ਕੀਤਾ ਗਿਆ ਹੈ ।

## ਬੈਲਟ ਅਤੇ ਬਾਈ ਇਲੈਕਸ਼ਨਜ਼ (ਜ਼ਿਮਨੀ ਚੋਣ) ?

ਬਹੁ-ਮੈਂਬਰੀ ਜ਼ਿਲ੍ਹਿਆਂ ਵਿੱਚ ਕਈ ਤਰੀਕਿਆਂ ਨਾਲ ਬੈਲਟ ਰੱਖੇ ਜਾ ਸਕਦੇ ਹਨ । ਅਸੀਂ ਜਾਣਦੇ ਹਾਂ ਕਿ ਪਾਰਲੀਮੈਂਟਰੀ ਸਿਸਟਮ ਵਿੱਚ ਪਾਰਟੀਆਂ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ ਅਤੇ ਕੁਝ ਬ੍ਰਿਟਿਸ਼ ਕੋਲੰਬੀਆ ਨਾਗਰਿਕ ਪਾਰਟੀ ਨੂੰ ਵੋਟ ਪਾਉਣਾ ਚਾਹੁਣਗੇ, ਇਸ ਲਈ ਅਸੀਂ ਸਿਫਾਰਸ਼ ਕਰਦੇ ਹਾਂ ਕਿ ਬੈਲਟ ਪੇਪਰ ਤੇ ਉਮੀਦਵਾਰਾਂ ਦਾ ਪਾਰਟੀ ਅਨੁਸਾਰ ਗਰੁੱਪ ਬਣਾਇਆ ਜਾਵੇ । ਇਸ ਗੱਲ ਨੂੰ ਯਕੀਨੀ ਬਨਾਉਣ ਲਈ ਕਿ ਬੈਲਟ ਪੇਪਰ ਉਪੱਰ ਨਾਵਾਂ ਦੀ ਦਿੱਤੀ ਤਰਤੀਬ ਕਰਕੇ ਕਿਸੇ ਨੂੰ ਕੋਈ ਲਾਭ ਨਾ ਹੋਵੇ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਦੋਨਾਂ ਨੂੰ ਅਟਕਲ ਪੱਚੂ ਨਾਲ ਹੀ ਵਿਅੱਕਤੀਗਤ ਬੈਲਟ ਤੇ ਤਰਤੀਬ ਦਿੱਤੀ ਜਾਵੇ ।

ਅਸੀਂ ਹੋਰ ਵੀ ਸਿਫਾਰਸ਼ ਕਰਦੇ ਹਾਂ ਕਿ ਜਦੋਂ ਇੱਕ ਵਿਧਾਨ ਸਭਾ ਸੀਟ ਖਾਲੀ ਹੋਵੇ ਤਾਂ ਜ਼ਿਮਨੀ ਚੋਣ ਲਈ ਉਹੋ ਹੀ ਬੈਲਟ ਇਸਤੇਮਾਲ ਕੀਤਾ ਜਾਵੇ । ਜਿੱਥੇ ਸਿਰਫ ਇੱਕੋ ਸੀਟ ਹੀ ਭਰਨੀ ਹੈ ਉਥੇ ਜੇਤੂ ਉਮੀਦਵਾਰ ਨੂੰ ਚੁਣੇ ਜਾਣ ਲਈ 50+1 ਵੋਟਾਂ ਦੀ ਹੀ ਲੋੜ ਹੈ ।

## ਕੀ ਵਾਪਰੇਗਾ ਜੇ ਅਸੀਂ ਬੀ ਸੀ ਵਿੱਚ ਬੀ ਸੀ-ਐਸ ਟੀ ਵੀ ਅਪਣਾਈਏ ?

ਜੇ ਕਰ ਮਈ 17, 2005 ਨੂੰ ਬ੍ਰਿਟਿਸ਼ ਕੋਲੰਬੀਆ ਨਾਗਰਿਕ ਬੀ ਸੀ-ਐਸ ਟੀ ਵੀ ਚੋਣ ਸਿਸਟਮ ਦੀ ਮਨਜ਼ੂਰੀ ਦੇ ਦਿੰਦੇ ਹਨ ਤਾਂ ਸੂਬੇ ਦੀ ਰਾਜਨੀਤੀ ਤੇ ਰਾਜ ਪ੍ਰਬੰਧ ਵਿੱਚ ਤਬਦੀਲੀ ਆਏਗੀ ।

ਕੁਝ ਬ੍ਰਿਟਿਸ਼ ਕੋਲੰਬੀਅਨ ਨਾਗਰਿਕਾਂ ਲਈ ਇਹ ਸਪੱਸ਼ਟ ਹੋਵੇਗਾ ਕਿ ਬਹੁਤ ਵੱਡੀ ਤਬਦੀਲੀ ਅਤੇ ਬਹੁਤ ਵੱਡਾ ਪਛਤਾਵਾ - ਅਸਾਨੀ ਨਾਲ ਪ੍ਰਾਪਤ ਕੀਤੀ ਬਹੁਮਤ ਸਰਕਾਰ ਨੂੰ ਘਾਟਾ ਹੋਵੇਗਾ । ਬੀ ਸੀ-ਐਸ ਟੀ ਵੀ ਵੀ ਬਹੁਮਤ ਸਰਕਾਰ ਦੇ ਸਕਦੀ ਹੈ ਜੇਕਰ ਬਹੁਤੇ ਵੋਟਰ ਇੱਕ ਪਾਰਟੀ ਨੂੰ ਵੋਟ ਪਾਉਣ । ਇਹ ਸੰਭਵ ਹੈ ਪਰ ਸੂਬੇ ਦੀ ਤਵਾਰੀਖ ਇਹ ਸੁਝਾਅ ਦਿੰਦੀ ਹੈ ਕਿ ਨਵੇਂ ਸਿਸਟਮ ਅਧੀਨ ਘੱਟ-ਗਿਣਤੀ ਸਰਕਾਰ ਜਾਂ ਦੋ ਜਾਂ ਜ਼ਿਆਦਾ ਪਾਰਟੀਆਂ ਦੇ ਗਠਜੋੜ ਦੀ ਸਰਕਾਰ । ਇਸ ਦਾ ਮਤਲਬ ਹੈ ਕਿ ਪਾਰਟੀ ਸੰਗਠਨ ਅਤੇ ਪ੍ਰੈਕਟਿਸ ਵਿੱਚ ਤਬਦੀਲੀ । ਪਾਰਟੀਆਂ ਨੂੰ ਵੋਟਰਾਂ ਪ੍ਰਤਿ ਵਧੇਰੇ ਜੁਆਬਦੇਹ ਹੋਣਾ ਪਵੇਗਾ ਅਤੇ ਆਪਣੇ ਵਿਰੋਧੀਆਂ ਤੇ ਭਾਈਵਾਲਾਂ ਪ੍ਰਤਿ ਟੀਕਾ ਟਿਪਣੀ ਘੱਟ ਕਰਨੀ ਹੋਵੇਗੀ ।

ਬੀ ਸੀ-ਐਸ ਟੀ ਵੀ ਅਧੀਨ ਭੂਗੋਲਿਕ ਪੱਖੋਂ ਸਾਡੇ ਚੋਣ ਜ਼ਿਲ੍ਹੇ (ਹਲਕੇ) ਵਧਣਗੇ, ਪਰ ਪ੍ਰਤਿ ਐਮ ਐਲ ਏ ਵੋਟਰਾਂ ਦੀ ਗਿਣਤੀ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਵਿਕਟੋਰੀਆ ਵਿੱਚ ਵੋਟਰਾਂ ਦੀ ਪ੍ਰਤਿਨਿੱਧਤਾ ਇੱਕ ਤੋਂ ਵੱਧ ਐਮ ਐਲ ਏ ਕਰਨਗੇ । ਇੱਕ ਤੋਂ ਵੱਧ ਵਿਅੱਕਤੀ ਤੁਹਾਡੀ ਮੱਦਦ ਲੈਣ ਆਉਣਗੇ । ਕਿਉਂਕਿ ਹਰ ਜ਼ਿਲ੍ਹੇ ਵਿੱਚ ਪਈਆਂ ਵੋਟਾਂ ਦੀ ਅਨੁਪਾਤ ਅਨੁਸਾਰ ਵੱਖੋ-ਵੱਖ ਪਾਰਟੀਆਂ ਦੇ ਮੈਂਬਰ ਚੁਣੇ ਜਾਣ ਦੀ ਸੰਭਾਵਨਾ ਹੈ । ਵੋਟਰ ਇੱਕ ਐਮ ਐਲ ਏ ਕੋਲ ਜਾਣਗੇ ਜਿਸਦੇ ਨਾਲ ਉਹਨਾਂ ਦੇ ਰਾਜਨੀਤਿਕ ਵਿਚਾਰ ਸਾਂਝੇ ਹਨ । ਇਹ ਹੋਰ ਵੀ ਵਧੇਰੇ ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਪ੍ਰਦਾਨ ਕਰਨ ਵਿੱਚ ਮੱਦਦ ਕਰੇਗਾ ।

ਸ਼ਾਇਦ ਸਭ ਤੋਂ ਮਹੱਤਵਪੂਰਨ ਤਬਦੀਲੀ ਵੋਟਰਾਂ ਅਤੇ ਉਮੀਦਵਾਰਾਂ ਦੇ ਹਲਕੇ ਦੇ ਨੇੜੇ ਹੋਵੇਗੀ । ਕੋਈ ਵੀ "ਸੁਰੱਖਿਅਤ ਸੀਟ" ਨਹੀਂ ਰਹੇਗੀ ਜਿਹੜੀ ਕਿ ਪਾਰਟੀ ਜਿੱਤ ਸਕੇਗੀ ਭਾਵੇਂ ਕੋਈ ਉਮੀਦਵਾਰ ਚੋਣ ਲੜੇ ।

**ਵੋਟਰਾਂ ਲਈ ਤਬਦੀਲੀ**

ਵੋਟਰਾਂ ਕੋਲ ਵਧੇਰੇ ਸ਼ਕਤੀ ਹੋਵੇ । ਇਸ ਦਾ ਮਤਲਬ ਹੈ ਕਿ ਵੋਟਰ ਜ਼ਿਆਦਾ ਤੇ ਵੱਖੋ ਵੱਖਰੀ ਪ੍ਰਕਾਰ ਦੀ ਪਸੰਦ ਕਰਨਗੇ ।

ਮਿਸਾਲ ਦੇ ਤੌਰ ਤੇ, ਵੋਟਰ ਉਮੀਦਵਾਰਾਂ ਅਤੇ ਪਾਰਟੀਆਂ ਨੂੰ ਧਿਆਨ ਵਿੱਚ ਰੱਖਣਗੇ ਬਿਜਾਏ ਇਸ ਦੇ ਕਿ ਉਹ ਇੱਕ ਵਿਅੱਕਤੀ ਦੇ ਨਾਮ ਦੇ ਮੋਹਰੇ “X” ਲਾ ਦੇਣ । ਵਫਾਦਾਰ ਪਾਰਟੀ ਹਮਾਇਤੀ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਤਰਤੀਬ ਦੇਣ ਯੋਗ ਹੋਣਗੇ । ਇਹਨਾਂ ਦੋਨਾਂ ਤਜਰਬਿਆਂ ਦਾ ਮਤਲੱਬ ਹੈ ਕਿ ਵੋਟਰਾਂ ਦੀ ਪਹਿਲੀ ਪਸੰਦ ਹਾਸਲ ਕਰਨ ਲਈ ਉਮੀਦਵਾਰਾਂ ਨੂੰ ਸਖਤ ਮਿਹਨਤ ਕਰਨੀ ਪਵੇਗੀ ।

## ਉਮੀਦਵਾਰਾਂ ਅਤੇ ਵਿਧਾਇਕਾਂ (ਐਮ ਐਲ ਏ) ਲਈ ਤਬਦੀਲੀਆਂ

"ਸੁਰੱਖਿਅਤ ਸੀਟ" ਦੇ ਘਾਟੇ ਨਾਲ, ਕੋਈ ਵੀ ਉਮੀਦਵਾਰ ਸਿਟਿੰਗ ਐਮ ਐਲ ਏ ਸਮੇਤ ਚੋਣ ਜਿੱਤਣ ਯੋਗ ਨਹੀਂ ਹੋਵੇਗਾ । ਬੀ ਸੀ-ਐਸ ਟੀ ਵੀ ਅਧੀਨ ਵੋਟਰ ਹੀ ਫੈਸਲਾ ਕਰਨਗੇ ਕਿ ਪਾਰਟੀ ਦੇ ਕਈ ਉਮੀਦਵਾਰਾਂ ਵਿੱਚੋਂ ਹਰ ਜ਼ਿਲ੍ਹੇ ਵਿੱਚੋਂ ਕਿਹੜੇ ਕਿਹੜੇ ਜਿੱਤਣਗੇ । ਇੱਕ ਪਾਰਟੀ ਦੇ ਉਮੀਦਵਾਰ ਨੂੰ ਸਿਰਫ ਦੂਸਰੀਆਂ ਪਾਰਟੀਆਂ ਦੇ ਉਮੀਦਵਾਰਾਂ ਦਾ ਮੁਕਾਬਲਾ ਹੀ ਨਹੀਂ ਕਰਨਾ ਪਵੇਗਾ ਸਗੋਂ ਉਸ ਨੂੰ ਪਹਿਲੀ ਪਸੰਦ ਲੈਣ ਲਈ ਆਪਣੀ ਪਾਰਟੀ ਦੇ ਉਮੀਦਵਾਰਾਂ ਦਾ ਵੀ ਮੁਕਾਬਲਾ ਕਰਨਾ ਪਵੇਗਾ । ਇਹ ਜਾਣ ਕੇ ਕਿ ਸੀਟ ਜਿੱਤਣ ਲਈ ਉਹਨਾਂ ਨੂੰ ਲੋੜੀਂਦੀਆਂ ਵੋਟਾਂ ਨਹੀਂ ਅਤੇ ਉਹ ਵੋਟਰਾਂ ਦੀ "ਪਹਿਲੀ ਪਸੰਦ" ਵੀ ਹਾਸਲ ਕਰ ਸਕਣਗੇ ਤਾਂ ਉਮੀਦਵਾਰ ਨੂੰ ਦੂਸਰੇ ਉਮੀਦਵਾਰ ਦੇ ਹਮਾਇਤੀਆਂ ਨੂੰ ਉਤਸ਼ਾਹਿਤ ਕਰਨਗੇ ਕਿ ਉਹ ਉਸ ਲਈ ਦੂਸਰੀ ਅਤੇ ਤੀਸਰੀ ਪਸੰਦ ਲਈ ਵੀ ਨਿਸ਼ਾਨ ਲਾਉਣ । ਇਸ ਲਈ ਬਹੁਤੀ ਗਿਣਤੀ ਵਿੱਚ ਵੋਟਰਾਂ ਨੂੰ ਅਪੀਲ ਕਰਨ ਦੀ ਲੋੜ ਹੋਵੇਗੀ ਅਤੇ ਇਸ ਨਾਲ ਚੋਣ ਟਾਕਰੇ ਵਿੱਚ ਕੀਤੀ ਜਾਂਦੀ ਟੀਕਾ ਟਿਪਣੀ ਘਟ ਜਾਵੇਗੀ । ਵੋਟਰ ਉਹਨਾਂ ਵੱਲ ਜ਼ਿਆਦਾ ਧਿਆਨ ਨਹੀਂ ਦੇਣਗੇ, ਜਿਹੜੇ ਉਹਨਾਂ ਦੀ "ਪਹਿਲੀ ਪਸੰਦ" ਦੇ ਖਿਲਾਫ ਬੋਲਣਗੇ ਅਤੇ ਬੇਇਜ਼ਤੀ ਕਰਨਗੇ ।

ਦੂਸਰੇ ਉਮੀਦਵਾਰਾਂ ਤੋਂ ਵੱਖਰਿਆਂ ਦਿਸਣ ਲਈ ਐਮ ਐਲ ਏ ਨੂੰ ਆਪਣੇ ਹਲਕੇ ਦੀ ਸਪੱਸ਼ਟ ਤੌਰ ਤੇ ਪ੍ਰਤਿਨਿੱਧਤਾ ਕਰਨ ਦੀ ਲੋੜ ਹੋਵੇਗੀ । ਅਜਿਹਾ ਕਰਨ ਨਾਲ ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਨੂੰ ਹੋਰ ਬਲ ਮਿਲੇਗਾ । ਐਮ ਐਲ ਏ ਪਾਰਟੀ ਅਨੁਸ਼ਾਸ਼ਨ ਨੂੰ ਉਦੋਂ ਦੂਰ ਰੱਖੇਗਾ ਜਦੋਂ ਇਹ ਕਮਿਊਨਿਟੀ ਦੇ ਹਿੱਤ ਵਿੱਚ ਨਹੀਂ ਹੋਵੇਗਾ । ਐਮ ਐਲ ਏ ਨੂੰ ਇਹ ਯਕੀਨੀ ਬਨਾਉਣ ਲਈ ਸਖਤ ਮਿਹਨਤ ਕਰਨੀ ਪਵੇਗੀ ਕਿ ਉਸ ਦੀ ਪਾਰਟੀ ਪੋਜ਼ੀਸ਼ਨ ਵਿੱਚੋਂ ਉਸ ਦੇ ਚੋਣ ਹਲਕੇ ਦੇ ਵਿਚਾਰਾਂ ਦਾ ਅਕਸ ਉਭਰੇ ।

**ਪਾਰਟੀਆਂ ਲਈ ਤਬਦੀਲੀਆਂ**

ਨਵੇਂ ਬਹੁ-ਮੈਂਬਰੀ ਚੋਣ ਹਲਕੇ ਵਿੱਚ ਪਾਰਟੀਆਂ ਕਈ ਉਮੀਦਵਾਰਾਂ ਨੂੰ ਚੋਣ ਲੜਾਉਣਗੀਆਂ । ਇਸ ਨਾਲ ਪਾਰਟੀਆਂ ਇੱਕ ਹਲਕੇ ਵਿੱਚ ਵੱਖ ਵੱਖ ਕੌਮਾਂ ਵਿੱਚੋਂ ਉਮੀਦਵਾਰਾਂ ਦੀ ਨਾਮਜ਼ਦਗੀ ਕਰਨਗੀਆਂ ਤਾਂ ਕਿ ਉਹ ਇਹਨਾਂ ਗਰੁੱਪਾਂ ਨੂੰ ਅਪੀਲ ਕਰ ਸਕਣ, ਜਿਹਨਾਂ ਦੇ ਹਿੱਤਾਂ ਨੂੰ ਮੌਜੂਦਾ "ਵਿਨਰ-ਟੇਕ-ਆਲ" ਐਫ ਪੀ ਟੀ ਪੀ ਸਿਸਟਮ ਵਿੱਚ ਅਣਡਿੱਠ ਕੀਤਾ ਗਿਆ ਹੈ ਜਾਂ ਜਿਹਨਾਂ ਦੀ ਪ੍ਰਤਿਨਿੱਧਤਾ ਨਹੀਂ ਕੀਤੀ ਗਈ ।

ਕਿਉਂਕਿ ਵੋਟਰਾਂ ਕੋਲ ਇਹ ਨਿਰਧਾਰਤ ਕਰਨ ਲਈ ਅਸਲ ਸ਼ਕਤੀ ਹੈ ਕਿ ਕੋਣ ਚੋਣ ਜਿੱਤਦਾ ਹੈ । ਇਸ ਲਈ ਪਾਰਟੀਆਂ ਆਪਣੀਆਂ ਸੰਸਥਾਵਾਂ ਵਿੱਚ ਵਧੇਰੇ ਨਾਗਰਿਕਾਂ ਨੂੰ ਸ਼ਾਮਲ ਕਰਨਗੀਆਂ । ਨਾਮਜ਼ਦਗੀ ਦੀ ਪ੍ਰਕ੍ਰਿਆ ਨੂੰ ਖੁਲ੍ਹਾ ਰੱਖਿਆ ਜਾਵੇਗਾ ਅਤੇ ਉਹਨਾਂ ਦੀ ਪਹੁੰਚ ਵਿੱਚ ਹੋਵੇਗਾ । ਲੈਜਿਸਲੇਟਿਵ ਕਾਕਸ ਉਹਨਾਂ ਵਿਧਾਇਕਾਂ ਨੂੰ ਆਪਣੇ ਵਿੱਚ ਸ਼ਾਮਲ ਕਰੇਗਾ ਜਿਹਨਾਂ ਦੀ ਚੋਣ ਵਿੱਚ ਲਗਾਤਾਰ ਕਾਮਯਾਬੀ ਕਮਿਊਨਿਟੀਆਂ ਦੀ ਪ੍ਰਤਿਨਿੱਧਤਾ ਤੇ ਨਿਰਭਰ ਹੋਵੇਗੀ ਭਾਵੇਂ ਪਾਰਟੀ ਨੀਤੀ ਕੋਈ ਵੀ ਹੋਵੇ-ਇਸ ਨਾਲ ਪਾਰਟੀ ਅਨੁਸ਼ਾਸ਼ਨ ਦਾ ਪ੍ਰੈਸ਼ਰ ਘਟੇਗਾ । ਸਾਡੇ ਰਾਜਨੀਤਿਕ ਸਾਡੀਆਂ ਕਮਿਊਨਿਟੀਆਂ ਦੇ ਹਿੱਤਾਂ ਦੀ ਪ੍ਰਤਿਨਿੱਧਤਾ ਇਮਾਨਦਾਰੀ ਨਾਲ ਕਰਨਗੇ ਅਤੇ ਸਮੁੱਚੇ ਸੂਬੇ ਦੇ ਹਿੱਤਾਂ ਦੀ ਵੀ ।

ਅੰਤ ਵਿੱਚ, ਵਿਧਾਨ ਸਭਾ ਵਿੱਚ ਪਾਰਟੀ ਦੀ ਤਾਕਤ ਵਿੱਚੋਂ ਵੋਟਰਾਂ ਵੱਲੋਂ ਦਿੱਤੀ ਗਈ ਸਪੋਰਟ ਦਾ ਅਕਸ ਉਭਰੇਗਾ ਨਾ ਵੱਧ, ਨਾ ਘੱਟ । ਨਕਲੀ ਬਹੁਮਤ ਹਾਸਲ ਕਰਨ ਦੀ ਯੋਗਤਾ ਤੋਂ ਵਾਂਝਿਆਂ ਹੋ ਜਾਣ ਕਰਕੇ ਪਾਰਟੀਆਂ ਨੂੰ ਇਕੱਠਿਆਂ ਰਲ ਕੇ ਕੰਮ ਕਰਨਾ ਸਿੱਖਣਾ ਪਵੇਗਾ । ਇਸ ਨਾਲ ਬ੍ਰਿਟਿਸ਼ ਕੋਲੰਬੀਆ ਦੀ ਸਿਆਸਤ

ਵਿੱਚ ਮੁਕਾਬਲਾ ਕਰਨ ਦੇ ਸੁਭਾਅ ਵਿੱਚ ਕੋਈ ਕਮੀ ਨਹੀਂ ਆਵੇਗੀ ਪਰ ਇਹ ਸਰਬ-ਸੰਮਤੀ ਸਟਾਈਲ ਫੈਸਲਾ ਕਰਨ ਦੀ ਨੀਤੀ ਨੂੰ ਉਤਪੰਨ ਕਰੇਗੀ ਜਿਸ ਨਾਲ ਵੱਡੀ ਨੀਤੀ ਤਬਦੀਲੀ ਲਿਆਉਣ ਸਮੇਂ ਵੱਡੇ ਪੱਧਰ ਤੇ ਪਾਰਟੀਆਂ ਵਿੱਚ ਸਮਝੌਤਾ ਹੋ ਜਾਵੇਗਾ ।

## ਵਿਧਾਨ ਸਭਾ ਲਈ ਤਬਦੀਲੀਆਂ

ਵਿਧਾਨ ਸਭਾ ਵਿੱਚ ਜੋ ਸਭ ਤੋਂ ਪਹਿਲਾਂ ਅਤੇ ਨਾਟਕੀ ਤਬਦੀਲੀ ਹੋਵੇਗੀ ਉਹ ਹੈ ਕਿ ਸਰਕਾਰ ਨੂੰ ਚੁਨਣ ਦੀ ਅਤੇ ਇਸ ਦੀ ਅਸਰਦਾਇਕ ਢੰਗ ਨਾਲ ਨਿਗਰਾਨੀ ਕਰਨ ਦੀ ਸ਼ਕਤੀ ਬਹਾਲ ਰੱਖੀ ਜਾਵੇਗੀ। ਸਾਡੀ ਪਾਰਲੀਮੈਂਟਰੀ ਸਿਸਟਮ ਦੀ ਮੁਢਲੀ ਥਿਊਰੀ (ਸਿਧਾਂਤ) ਹੈ ਕਿ ਵਿਧਾਨ ਸਭਾ ਵੱਲੋਂ ਸਰਕਾਰ ਚੁਣੀ ਜਾਂਦੀ ਹੈ ਅਤੇ ਉਥੇ ਹੀ ਜੁਆਬਦੇਹ ਹੁੰਦੀ ਹੈ। ਨਕਲੀ ਬਹੁਮਤ ਨਾਲ ਵੱਡੀਆਂ ਕੀਤੀਆਂ ਸਖਤ ਅਨੁਸ਼ਾਸ਼ਨ ਵਾਲੀਆਂ ਪਾਰਟੀਆਂ ਨੇ ਇਸ ਅਸੂਲ ਨੂੰ ਉਲਟਾ ਦਿੱਤਾ ਹੈ ਅਤੇ ਵਿਧਾਨ ਸਭਾ ਨੂੰ ਸਰਕਾਰ ਦੀ ਇੱਕ ਕਠਪੁਤਲੀ ਬਣਾ ਦਿੱਤਾ ਹੈ।

ਬੀ ਸੀ-ਐਸ ਟੀ ਵੀ ਨਕਲੀ ਬਹੁਮਤ ਖਤਮ ਕਰੇਗੀ। ਸਰਕਾਰ ਨੂੰ ਅਸੈਂਬਲੀ ਵਿੱਚ ਵਿਧਾਇਕਾਂ ਦਾ ਬਹੁਮਤ ਤੇ ਨਿਰਭਰ ਹੋਣਾ ਪਵੇਗਾ ਅਤੇ ਉਹ ਕਾਨੂੰਨ ਹੀ ਪਾਸ ਹੋਣ ਯੋਗ ਹੋਵੇਗਾ ਜਿਸ ਨੂੰ ਵਿਧਾਇਕਾਂ ਦਾ ਬਹੁਮਤ ਪ੍ਰਾਪਤ ਹੋਵੇਗਾ।


ਵਿਧਾਨ ਸਭਾ ਇਹਨਾਂ ਨਵੀਆਂ ਹਕੀਕਤਾਂ ਨੂੰ ਅਪਨਾਏਗੀ। ਵਿਧਾਇਕ ਸਥਾਨਕ ਮਸਲਿਆਂ ਪ੍ਰਤਿ ਵਧੇਰੇ ਗੰਭੀਰ ਹੋਣਗੇ ਅਤੇ ਵਿਧਾਨ ਸਭਾ ਵਿੱਚ ਵੋਟਰਾਂ ਦੀਆਂ ਆਸ਼ਾਵਾਂ ਤੇ ਵੋਟਰਾਂ ਦੇ ਮਸਲੇ ਵਧੇਰੇ ਸੁਨਣ ਨੂੰ ਮਿਲਣਗੇ। ਇਸ ਦੇ ਨਾਲ ਹੀ ਲੈਜਿਸਲੇਟਿਵ ਕਮੇਟੀ ਮਹੱਤਵਪੂਰਨ ਪਬਲਿਕ ਨੀਤੀਆਂ ਤੇ ਬਹਿਸ ਕਰਵਾਉਣ ਅਤੇ ਇਸ ਦਾ ਫੈਸਲਾ ਕਰਨ ਦੇ ਮਹੱਤਵਪੂਰਨ ਰੋਲ ਨੂੰ ਨਿਭਾਏਗੀ।

## ਸੂਬਾ ਸਰਕਾਰਾਂ ਲਈ ਤਬਦੀਲੀਆਂ

ਬੀ ਸੀ-ਐਸ ਟੀ ਵੀ ਸਿਸਟਮ ਘੱਟ ਵੋਟਾਂ ਲੈ ਕੇ ਬਣੀ ਹੋਈ ਬਹੁਮਤ ਸਰਕਾਰ ਦਾ ਅੰਤ ਕਰੇਗੀ। ਕੋਈ ਵੀ ਇਕੱਲੀ ਪਾਰਟੀ ਲੈਜਿਸਲੇਚਰ ਵਿੱਚ ਭਾਵਪੂਰਨ ਸਾਰਥਕ ਬਹਿਸ ਕੀਤਿਆਂ ਬਗੈਰ ਕੋਈ ਵੀ ਪਲੇਟਫਾਰਮ ਲਾਗੂ ਨਹੀਂ ਕਰੇਗੀ।

ਜਿੰਨਾਂ ਚਿਰ ਬਹੁਮਤ ਵੋਟਰ ਇੱਕ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਨਹੀਂ ਕਰਦੇ, ਭਵਿੱਖ ਦੀਆਂ ਸਰਕਾਰਾਂ ਦੇ ਘੱਟ ਗਿਣਤੀ ਦੀਆਂ ਸਰਕਾਰਾਂ ਜਾਂ ਇੱਕ ਤੋਂ ਵੱਧ ਪਾਰਟੀਆਂ ਦੇ ਗਠਜੋੜ ਦੀਆਂ ਸਰਕਾਰਾਂ ਹੋਣ ਦੀ ਸੰਭਾਵਨਾ ਹੈ। ਕੁਝ ਗਠਜੋੜ ਚੋਣਾਂ ਤੋਂ ਪਹਿਲਾਂ ਹੀ ਇਸ ਆਸ ਨਾਲ ਹੋਂਦ ਵਿੱਚ ਆ ਜਾਣਗੇ ਕਿ ਬਹੁਮਤ ਸਰਕਾਰ ਬਨਾਉਣ ਲਈ ਉਹ ਵੱਧ ਵੋਟਾਂ ਆਕਰਸ਼ਤ ਕਰ ਲੈਣਗੇ; ਦੂਸਰੇ ਉਦੋਂ ਗਠਜੋੜ ਕਰ ਲੈਣਗੇ ਜਦੋਂ ਚੁਣੇ ਹੋਏ ਮੈਂਬਰਾਂ ਨੂੰ ਪਤਾ ਲਗ ਜਾਏਗਾ ਕਿ ਵੋਟਰਾਂ ਨੇ ਉਹਨਾਂ ਦੀ ਕਿੰਨੀ ਕੁ ਹਮਾਇਤ ਕੀਤੀ ਹੈ।

ਗਠਜੋੜ ਸਰਕਾਰਾਂ ਅਤੇ ਸਰਬ-ਸੰਮਤੀ ਨਾਲ ਫੈਸਲੇ ਕਰਨ ਲਈ ਲੋੜੀਂਦੇ ਬਹੁਮਤ ਜ਼ਿਆਦਾ ਪੱਛਮੀ ਲੋਕਰਾਜਾਂ ਵਿੱਚ ਆਮ ਹਨ। ਗਠਜੋੜ ਸਰਕਾਰਾਂ ਦਾ ਤਜਰਬਾ ਦੂਸਰੀਆਂ ਕਾਮਯਾਬ ਪਾਰਲੀਮੈਂਟਰੀ ਸਿਸਟਮਾਂ ਵਿੱਚ ਹਾਂ-ਪੱਖੀ ਹੈ ਅਤੇ ਅਸੀਂ ਆਪਣੇ ਪ੍ਰਤਿਨਿੱਧਾਂ ਅਤੇ ਪਾਰਟੀਆਂ ਤੋਂ ਉਸ ਤੋਂ ਘੱਟ ਦੀ ਉਮੀਦ ਨਹੀਂ ਰਖਦੇ। ਇਕੱਠਿਆਂ ਕੰਮ ਕਰਨ ਲਈ ਸਰਕਾਰ ਵੱਖ ਵੱਖ ਪਾਰਟੀਆਂ ਦੇ ਮੈਂਬਰਾਂ ਤੇ ਨਿਰਭਰ ਹੋਵੇਗੀ ਅਤੇ ਵੱਡੀ ਪਬਲਿਕ ਸਪੋਰਟ ਹਾਸਲ ਕਰਨ ਲਈ ਸਮਝੌਤੇ ਕਰੇਗੀ। ਬੀ ਸੀ-ਐਸ ਟੀ ਵੀ ਨਾਲ ਲੋਕਾਂ ਨੂੰ ਉਹ ਸਰਕਾਰ ਮਿਲੇਗੀ ਜਿਸ ਲਈ ਲੋਕਾਂ ਨੇ ਵੋਟਾਂ ਪਾਈਆਂ।



**ਅੰਤ ਵਿੱਚ**
ਅਸੀਂ ਪ੍ਰਭਾਵਿਤ ਹੋਏ ਹਾਂ ਕਿ ਬੀ ਸੀ-ਐਸ ਟੀ ਵੀ ਅਪਨਾਉਣ ਨਾਲ ਬ੍ਰਿਟਿਸ਼ ਕੋਲੰਬੀਆ ਆਪਣੀ ਲੋਕਰਾਜੀ ਪ੍ਰੈਕਟਿਸ ਨੂੰ ਬਿਹਤਰ ਬਣਾਏਗਾ। ਚੋਣ ਨਤੀਜੇ ਸਹੀ ਤੇ ਉਚਿੱਤ ਹੋਣਗੇ। ਵੋਟਾਂ ਅਤੇ ਸੀਟਾਂ ਵਿਚਕਾਰ ਸੰਤੁਲਤਾ ਹੋਵੇਗੀ। ਵੋਟਰਾਂ ਕੋਲ ਵਧੇਰੇ ਪਸੰਦ ਹੋਵੇਗੀ ਅਤੇ ਵੋਟਰਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਉਮੀਦਵਾਰ ਵਧੇਰੇ ਸਖਤ ਮਿਹਨਤ ਕਰਨਗੇ। ਚੋਣ ਪ੍ਰਕ੍ਰਿਆ ਵਿੱਚ ਰਾਜਨੀਤਿਕ ਪਾਰਟੀਆਂ ਕੇਂਦਰਿਤ ਰਹਿਣਗੀਆਂ ਪਰ ਉਹਨਾਂ ਨੂੰ ਪਾਰਟੀ ਅਨੁਸ਼ਾਸ਼ਨ ਦੀਆਂ ਕੁਝ ਵਧੀਕੀਆਂ ਅਤੇ ਟੀਕਾ ਟਿਪਣੀ ਸਟਾਈਲ ਨੂੰ ਤਿਆਗਣਾ ਪਵੇਗਾ ਜੋ ਕਿ ਬਹੁਤ ਸਾਰੇ ਵੋਟਰਾਂ ਨੂੰ ਵੱਖ ਕਰ ਦਿੰਦਾ ਹੈ। ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਵਿਧਾਨ ਸਭਾ ਦੀ ਯੋਗਤਾ ਹੋਰ ਮਜ਼ਬੂਤ ਹੋਵੇਗੀ।

ਅਸੈਂਬਲੀ ਵਿੱਚ ਕੋਈ ਵੀ ਐਨਾ ਸਿੱਧਾ ਸਾਦਾ ਨਹੀਂ ਜਿਹੜਾ ਇਹ ਸੋਚੇ ਕਿ ਸੂਬੇ ਦੇ ਰਾਜਨੀਤਿਕ ਸਿਸਟਮ ਵਿੱਚ ਤਬਦੀਲੀ ਕਰਨ ਲਈ, ਸੋਧ ਕਰਨ ਲਈ, ਨਾ-ਬਰਾਬਰੀ ਲਈ ਜਾਂ ਅਯੋਗਤਾ ਲਈ ਬੀ ਸੀ-ਐਸ ਟੀ ਵੀ ਨੂੰ ਆਈ ਹਰ ਫੋਨ ਕਾਲ ਦਾ ਉਤੱਰ ਦੇਵੇ। ਸਾਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਚੋਣ ਪ੍ਰਕ੍ਰਿਆ ਨੂੰ ਬਦਲਣ ਨਾਲ ਅਸੀਂ ਅਜਿਹਾ ਰਾਜਨੀਤਿਕ ਵਾਤਾਵਰਣ ਬਣਾਵਾਂਗੇ ਜਿਹੜਾ ਉਹਨਾਂ ਕਦਰਾਂ-ਕੀਮਤਾਂ ਪ੍ਰਤਿ ਇਮਾਨਦਾਰ ਹੋਵੇਗਾ ਜਿਹਨਾਂ ਨੂੰ ਬ੍ਰਿਟਿਸ਼ ਕੋਲੰਬੀਆ ਨਾਗਰਿਕ ਆਪਣੇ ਸਿਆਸੀ ਜੀਵਨ ਦੀ ਨੀਂਹ ਸਮਝਦੇ ਹਨ।

ਬ੍ਰਿਟਿਸ਼ ਕੋਲੰਬੀਆ ਨਾਗਰਿਕਾਂ ਕੋਲ ਇੱਕ ਬੇਮਿਸਾਲ ਮੌਕਾ ਆਇਆ ਹੈ ਜਦੋਂ ਉਹ ਲੋਕਰਾਜ ਦੇ ਸਭ ਤੋਂ ਵੱਧ ਮਹੱਤਵਪੂਰਨ ਨਿਯਮਾਂ ਦਾ ਕੰਟਰੋਲ ਲੈ ਸਕਦੇ ਹਨ। ਸਾਰੀਆਂ **ਔਪਸ਼ਨਾਂ** ਨੂੰ ਵਿਚਾਰਨ ਤੋਂ ਬਾਅਦ - ਕੁਝ ਨਹੀਂ ਕਰਨਾ ਸਮੇਤ-ਸਾਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਬੀ ਸੀ-ਐਸ ਟੀ ਵੀ ਚੋਣ ਸਿਸਟਮ ਨੂ ਅਪਨਾਉਣ ਨਾਲ ਵੋਟਰ ਇੱਕ ਅਜਿਹਾ ਸਿਸਟਮ ਪੈਦਾ ਕਰਨਗੇ ਜਿੱਥੇ ਉਹ ਖੁਦ (ਵੋਟਰ) ਲੋਕਰਾਜ ਸਿਸਟਮ ਦੇ ਕੇਂਦਰੀ ਧੁਰੇ ਦੇ ਨੇੜੇ ਹੋਣਗੇ। ਇਹ ਹੈ ਜੋ ਇਸ ਬਾਰੇ "ਨਿਆਏਪੂਰਨ" ਹੈ।

ਦਸਤਖਤ: ਜੈਕ ਬਲੇਨੀ

ਚੋਣ ਸੁਧਾਰ ਲਈ ਬਣੀ ਸਿਟੀਜਨ ਅਸੈਂਬਲੀ ਦੇ 160 ਮੈਂਬਰਾਂ ਦੀ ਤਰਫੋਂ।

## ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਨੇ ਜੋ ਦੂਸਰੇ ਮਸਲੇ ਉਠਾਏ

ਸਿਟੀਜਨਜ਼' ਅਸੈਂਬਲੀ ਦੇ ਤੌਰ ਤੇ ਅਸੀਂ ਸਪੱਸ਼ਟ ਅਤੇ ਵਿਸ਼ੇ ਤੇ ਫੋਕਸ ਰਹੇ। ਇਸ ਨੇ ਸਾਨੂੰ ਆਪਣਾ ਕੰਮ ਸਮੇਂ ਸਿਰ ਅਤੇ ਬੱਜਟ ਵਿਚਕਾਰ ਰਹਿ ਕੇ ਪੂਰਾ ਕਰਨ ਵਿੱਚ ਅਤੇ ਸਾਨੂੰ ਫੈਸਲਾ ਕਰਨ ਵਿੱਚ ਵੀ ਮੱਦਦ ਕੀਤੀ ਹੈ। ਬੀ ਸੀ-ਐਸ ਟੀ ਵੀ ਚੋਣ ਸਿਸਟਮ ਦੀ ਸਿਫਾਰਸ਼ ਕਰਨ ਵਿੱਚ ਵੀ ਸਾਡੀ ਅਗਵਾਈ ਕੀਤੀ ਹੈ।

ਹਜ਼ਾਰਾਂ ਹੀ ਬ੍ਰਿਟਿਸ਼ ਕੋਲੰਬੀਆ ਨਾਗਰਿਕਾਂ ਨੇ ਪਬਲਿਕ ਮੀਟਿੰਗ ਵਿੱਚ ਅਤੇ ਕਮਿਊਨਿਟੀ ਮੀਟਿੰਗਾਂ ਵਿੱਚ ਸਾਡੇ ਨਾਲ ਗੱਲ-ਬਾਤ ਕੀਤੀ। ਆਪਣੇ ਵਿਚਾਰ ਤੇ ਦ੍ਰਿਸ਼ਟੀਕੋਣ ਦੱਸੇ ਅਤੇ ਕਈ ਮਸਲੇ ਸਾਹਮਣੇ ਲਿਆਂਦੇ। ਜਿਹੜੇ ਮਸਲੇ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਸਨ, ਇਸ ਲਈ ਅਸੀਂ ਜਾਣ ਬੁੱਝ ਕੇ ਆਪਣੇ ਆਪ ਨੂੰ ਇਹਨਾਂ ਦੀ ਬਹਿਸ ਵਿੱਚ ਨਹੀਂ ਪਾਇਆ। ਇਹਨਾਂ ਮਸਲਿਆਂ ਤੇ ਨਾ ਹੀ ਕੋਈ ਸਿਫਾਰਸ਼ ਕਰਨ ਬਾਰੇ ਸੋਚਿਆ ਅਤੇ ਨਾ ਹੀ ਇਹਨਾਂ ਤੇ ਇਥੇ ਵਿਸਥਾਰ ਪੂਰਵਕ ਬਹਿਸ ਛੇੜੀ ਹੈ। ਫਿਰ ਵੀ ਅਸਲੀਅਤ ਇਹ ਹੈ ਕਿ ਬਹੁਤੇ ਨਾਗਰਿਕ ਲੋਕਰਾਜ ਦੀ ਸਿਹਤ ਬਾਰੇ ਚਿੰਤਤ ਸਨ। ਇਹਨਾਂ ਨੂੰ ਅਸੀਂ ਆਪਣੇ ਦੂਸਰੇ ਕਿਤਾਬਚੇ "ਟੇਕਨੀਕਲ ਰਿਪੋਰਟ" ਵਿੱਚ ਥਾਂ ਦਿੱਤੀ ਹੈ। ਸੰਖੇਪ ਵਿੱਚ ਜੋ ਕੁਝ ਮਸਲੇ ਉਭਾਰੇ ਗਏ, ਉਹ ਇਹ ਹਨ:

- **ਚੋਣ ਸੁਧਾਰ ਵਿੱਚ ਨਾਗਰਿਕਾਂ ਦੀ ਸ਼ਮੂਲੀਅਤ ਬਾਰੇ ਉਤਸ਼ਾਹ**
  ਇਸ ਬਹਿਸ ਵਿੱਚ ਸਰਕਾਰ ਵੱਲੋਂ "ਸਿਟੀਜ਼ਨਜ਼' ਅਸੈਂਬਲੀ" ਬਨਾਉਣ ਦੇ ਫੈਸਲੇ ਦੀ ਅਤੇ ਲੋਕਰਾਜ ਲਈ ਮਹੱਤਵਪੂਰਨ ਮਸਲਿਆਂ ਵਿੱਚ ਜਨਤਕ ਬਹਿਸ ਨੂੰ ਉਤਸ਼ਾਹਿਤ ਕਰਨ ਦੀ ਲੋਕਾਂ ਨੇ ਵੱਡੀ ਪੱਧਰ ਤੇ ਪ੍ਰਵਾਨਗੀ ਦਿੱਤੀ।

- **ਸਥਾਨਕ ਐਮ ਐਲ ਏ ਤੱਕ ਪਹੁੰਚ ਕਰਨ ਲਈ ਸੁਵਿਧਾਵਾਂ**
  ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੇ ਮਜ਼ਬੂਤ ਸਥਾਨਕ ਪ੍ਰਤਿਨਿਧਤਾ ਨੂੰ ਬਹੁਤ ਮਹੱਤਤਾ ਦਿੱਤੀ ਹੈ। ਇਸ ਦੇ ਨਾਲ ਹੀ ਉਹਨਾਂ ਨੇ ਐਮ ਐਲ ਏ ਨੂੰ ਆਪਣੇ ਜ਼ਿਲ੍ਹੇ ਵਿੱਚ ਸੰਪਰਕ ਬਣਾਈ ਰੱਖਣ ਲਈ ਕਿਹਾ। ਇਸ ਬਾਰੇ ਜ਼ਿਆਦਾ ਉੱਤਰੀ ਤੇ ਦਿਹਾਤੀ ਇਲਾਕਿਆਂ ਵਿੱਚ ਕਿਹਾ ਗਿਆ।

- **ਰਾਜਨੀਤਿਕ ਪਾਰਟੀਆਂ ਦਾ ਰੋਲ ਅਤੇ ਅਪਰੇਸ਼ਨ**
  ਲੋਕਰਾਜੀ ਪ੍ਰਕ੍ਰਿਆ ਵਿੱਚ ਰਾਜਨੀਤਿਕ ਪਾਰਟੀਆਂ ਦੇ ਕੇਂਦਰੀ ਰੋਲ ਨੂੰ (ਕੰਮ-ਕਾਜ) ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੇ ਮਾਨਤਾ ਦਿੱਤੀ ਹੈ ਪਰ ਉਹਨਾਂ ਦਾ ਕਹਿਣਾ ਹੈ ਕਿ ਇਸ ਵਿੱਚ ਹੋਰ ਖੁਲ੍ਹਾਪਣ ਹੋਵੇ ਅਤੇ ਇਹ ਜੁਆਬਦੇਹ ਹੋਵੇ - ਖਾਸ ਤੌਰ ਤੇ ਨੁਮਾਇੰਦਗੀ ਪ੍ਰਕ੍ਰਿਆ ਸਮੇਂ ਅਤੇ ਪਾਰਲੀਮੈਂਟਰੀ ਸੁਧਾਰਾਂ ਸਮੇਂ। ਲੋਕਾਂ ਦਾ ਖਿਆਲ ਹੈ ਕਿ ਅਜਿਹਾ ਕਰਨ ਨਾਲ ਲੋਕਰਾਜੀ ਗੈਪ ਘੱਟ ਕਰਨ ਵਿੱਚ ਮੱਦਦ ਮਿਲੇਗੀ।

- **ਬੀ ਸੀ ਲੋਕਰਾਜ ਵਿੱਚ ਲੋਕਾਂ ਦੀ ਸ਼ਮੂਲੀਅਤ**
  ਚੋਣਾਂ ਸਮੇਂ ਘੱਟ ਗਿਣਤੀ ਵਿੱਚ ਵੋਟਰਾਂ ਦਾ ਵੋਟ ਪਾਉਣ ਆਉਣਾ ਅਤੇ ਲੋਕਾਂ ਵਿੱਚ ਵਧ ਰਹੇ ਸਨਕੀਪੁਣੇ ਤੋਂ ਬ੍ਰਿਟਿਸ਼ ਕੋਲੰਬੀਆ ਦੇ ਲੋਕ ਚਿੰਤਤ ਹਨ ਅਤੇ ਇਸ ਗੱਲ ਤੇ ਵਿਸ਼ਵਾਸ ਰਖਦੇ ਹਨ ਕਿ ਅਜਿਹੀ ਸਿਆਸੀ ਪ੍ਰਕ੍ਰਿਆ ਬਨਾਉਣੀ ਚਾਹੀਦੀ ਹੈ ਜਿਸ ਵਿੱਚ ਵੱਧ ਤੋਂ ਵੱਧ ਲੋਕ ਸ਼ਾਮਲ ਹੋ ਸਕਣ। ਅਜਿਹਾ ਸਿਸਟਮ ਜਿਸ ਵਿੱਚ ਔਰਤਾਂ, ਫਸਟ ਨੇਸ਼ਨਜ਼ ਲੋਕ ਅਤੇ ਘੱਟ ਗਿਣਤੀਆਂ।

# ਅਸੈਂਬਲੀ ਚੋਣ ਤੋਂ ਫੈਸਲੇ ਕਰਨ ਤੱਕ
# ਅਸੈਂਬਲੀ ਨੇ ਆਪਣਾ ਕੰਮ ਕਿਵੇਂ ਸੰਪੂਰਨ ਕੀਤਾ

ਪਿਛਲੀਆਂ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਨੇ ਇੱਕ ਵਾਅਦਾ ਕੀਤਾ ਸੀ: ਕਿ

- ਚੋਣ ਸੁਧਾਰਾਂ ਲਈ ਇੱਕ "ਸਿਟੀਜ਼ਨਜ਼' ਅਸੈਂਬਲੀ" ਨਿਯੁਕਤ ਕੀਤੀ ਜਾਵੇਗੀ ਜੋ ਐਮ ਐਲ ਏ ਦੀ ਚੋਣ ਤਰਜੀਹੀ ਬੈਲਟ, ਅਨੁਪਾਤਿਕ ਪ੍ਰਤਿਨਿੱਧਤਾ ਅਤੇ ਸਾਡਾ ਮੌਜੂਦਾ ਸਿਸਟਮ ਸੰਬੰਧੀ ਲੋਕਰਾਜ ਦੇ ਸਾਰੇ ਮੰਡਲਾਂ ਦਾ ਮੁਲੰਕਣ ਕਰੇਗੀ

- "ਸਿਟੀਜਨਜ਼' ਅਸੈਂਬਲੀ" ਨੂੰ ਸਾਰੀ ਬੀ ਸੀ ਵਿੱਚ ਜਨਤਕ ਮੀਟਿੰਗਾਂ ਕਰਨ ਦਾ ਅਧਿਕਾਰ ਦਿੱਤਾ ਗਿਆ ਅਤੇ ਜੇ ਇਹ ਮੌਜੂਦਾ ਸਿਸਟਮ ਵਿੱਚ ਕੋਈ ਤਬਦੀਲੀ ਦੀ ਸਿਫਾਰਸ਼ ਕਰਦੇ ਹਨ ਤਾਂ ਉਸ ਸਿਫਾਰਸ ਸੰਬੰਧੀ ਸੂਬੇ ਵਿੱਚ ਲੋਕ ਰਾਇ ਲਈ ਜਾਵੇ ।

ਅਸੈਂਬਲੀ ਦੇ ਮੈਂਬਰਾਂ ਨੂੰ "ਅਟਕਲ ਪੱਚੂ ਚੋਣ ਪ੍ਰਕ੍ਰਿਆ ਰਾਹੀਂ ਨਿਯੁਕਤ ਕੀਤਾ ਜਾਵੇ ।"

ਸਤੰਬਰ 2002 ਵਿੱਚ ਸਰਕਾਰ ਨੇ ਗੋਰਡਨ ਗਿਬਸਨ ਨੂੰ ਨਿਯੁਕਤ ਕੀਤਾ ਅਤੇ ਉਸ ਨੂੰ ਅਧਿਕਾਰ ਦਿੱਤਾ ਕਿ "ਸਿਟੀਜਨਜ਼' ਅਸੈਂਬਲੀ" ਬਣਾਏ ਅਤੇ ਸਲਾਹ ਦੇਵੇ। ਮਿਸਟਰ ਗਿਬਸਨ ਦੀ ਸਿਟੀਜਨਜ਼ ਅਸੈਂਬਲੀ ਦੇ ਵਿਧਾਨ ਬਾਰੇ ਰਿਪੋਰਟ "ਕਨਸਟੀਚਿਊਸ਼ਨ ਔਫ ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰਿਫੋਰਮ" 23 ਦਸੰਬਰ, 2002 ਨੂੰ ਪੇਸ਼ ਕੀਤੀ ਗਈ । ਇਸ ਤੋਂ ਬਾਅਦ 30 ਅਪ੍ਰੈਲ, 2003 ਨੂੰ "ਸਿਟੀਜਨਜ਼' ਅਸੈਂਬਲੀ ਔਨ ਇਲੈਕਟਰੋਲ ਰਿਫੋਰਮ" ਦੀ ਸਥਾਪਨਾ ਕੀਤੀ ਗਈ । 16 ਮਈ, 2003 ਨੂੰ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਜੈਕ ਬਲੇਨੀ ਸਾਬਕਾ ਪ੍ਰੈਜ਼ੀਡੈਂਟ, ਸਾਈਮਨ ਫਰੇਜ਼ਰ ਯੂਨੀਵਰਸਿਟੀ ਨੂੰ *"ਸਿਟੀਜਨਜ਼' ਅਸੈਂਬਲੀ"* ਦਾ ਚੇਅਰਮੈਨ ਨਿਯੁਕਤ ਕੀਤਾ । ਡਾ: ਬਲੈਨੇ ਨੇ ਅਸੈਂਬਲੀ ਲਈ ਬਹੁਤ ਵਧੀਆ ਸਟਾਫ ਦਾ ਗਠਨ ਕੀਤਾ ।

ਇਸ ਤੋਂ ਅਗਲੇ ਸੈਕਸ਼ਨਾਂ ਵਿੱਚ ਅਸੈਂਬਲੀ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ । ਇਹ ਕਿਵੇਂ ਬਣੀ, ਮੈਂਬਰ ਕਿਵੇਂ ਚੁਣੇ ਗਏ, ਕਿਸ ਟ੍ਰੇਨਿੰਗ ਵਿੱਚ ਮੈਂਬਰਾਂ ਨੇ ਭਾਗ ਲਿਆ ਅਤੇ ਜੋ ਵਿਚਾਰਾਂ 2003 ਤੋਂ 2004 ਤੱਕ ਹੋਈਆਂ । ਅਸੈਂਬਲੀ ਦੇ ਕੀਤੇ ਕੰਮ ਨੂੰ ਵਿਸਥਾਰ-ਪੂਰਵਕ *ਟੈਕਨੀਕਲ ਰਿਪੋਰਟ* ਵਿੱਚੋਂ ਲੱਭਿਆ ਜਾ ਸਕਦਾ ਹੈ ।

# ਸੰਖੇਪ ਵਿੱਚ ਪ੍ਰਕ੍ਰਿਆ

# ਚੋਣ ਪੜਾਅ

### ਅਸੈਂਬਲੀ ਦੀ ਚੋਣ

ਸੂਬੇ ਦੇ 79 ਚੋਣ ਹਲਕਿਆਂ ਵਿੱਚੋਂ ਅਟਕਲ-ਪੱਚੂ ਨਾਲ ਹੀ ਅਸੈਂਬਲੀ ਦੇ ਮੈਂਬਰਾਂ ਨੂੰ ਚੁਣਿਆਂ ਗਿਆ ਹੈ । ਇਹ ਪ੍ਰਕ੍ਰਿਆ 'ਇਲੈਕਸ਼ਨ ਬੀ ਸੀ' ਨਾਲ ਅਰੰਭ ਹੋਈ । ਵਿਧਾਨ ਸਭਾ ਦਾ ਇਹ ਇੱਕ "ਪਾਰਟੀ ਰਹਿਤ ਦਫਤਰ" ਹੈ ਜੋ 2003 ਦੀਆਂ ਗਰਮੀਆਂ ਵਿੱਚ ਬੀ ਸੀ ਦੇ ਵੋਟਰਾਂ ਦੀ ਲਿਸਟ ਨੂੰ ਆਧੁਨਿਕ ਬਣਾ ਰਿਹਾ ਸੀ ।

ਇਸ ਲਿਸਟ ਵਿੱਚੋਂ ਇਲੈਕਸ਼ਨ ਬੀ ਸੀ ਨੇ ਅਟਕਲ-ਪੱਚੂ ਨਾਲ ਹੀ ਹਰ ਚੋਣ ਹਲਕੇ ਵਿੱਚੋਂ 200 ਨਾਵਾਂ ਦੀ ਲਿਸਟ ਬਣਾਈ । ਪ੍ਰਤਿ ਹਲਕਾ 100 ਆਦਮੀ ਅਤੇ 100 ਔਰਤਾਂ। ਉਮਰ ਅਤੇ ਲਿੰਗ ਦੇ ਹਿਸਾਬ  ਨਾਲ ਇਹਨਾਂ ਦੇ ਗਰੁੱਪ ਬਣਾਏ ਗਏ । ਜਿਵੇਂ ਕਿ 18-24, 25-39, 40-55, 56-70, 71+) ਤਾਂ ਕਿ ਸੂਬੇ ਦੀ ਆਬਾਦੀ ਦੀ ਪ੍ਰਤਿਨਿੱਧਤਾ ਹੋ ਸਕੇ ।

2003 ਦੇ ਸਤੰਬਰ ਦੇ ਅੱਧ ਵਿੱਚ ਅਸੈਂਬਲੀ ਸਟਾਫ ਨੇ 15,800 ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਨੂੰ ਇੱਕ ਪਹਿਲਾ ਪੱਤਰ ਭੇਜਿਆ । ਇਹਨਾਂ ਨਾਗਰਿਕਾਂ ਦੀ ਚੋਣ ਬੀ ਸੀ ਇਲੈਕਸ਼ਨ ਵੱਲੋਂ ਅਟਕਲ-ਪੱਚੂ ਨਾਲ ਹੀ ਕੀਤੀ ਗਈ ਸੀ । ਇਸ ਪੱਤਰ ਵਿੱਚ ਅਸੈਂਬਲੀ ਦੇ ਪ੍ਰਯੋਜਨ ਬਾਰੇ ਅਤੇ ਅਸੈਂਬਲੀ ਦੇ ਖਾਸ ਕੰਮ ਕਾਜ ਬਾਰੇ ਤੇ ਅਸੈਂਬਲੀ ਮੈਂਬਰਾਂ ਦੀ ਜ਼ਿੰਮੇਵਾਰੀ ਬਾਰੇ ਦੱਸਿਆ ਗਿਆ ਸੀ ਅਤੇ ਅਸੈਂਬਲੀ ਵਿੱਚ ਭਾਗ ਲੈਣ ਬਾਰੇ ਵੀ ਉਹਨਾਂ ਦੇ ਵਿਚਾਰ ਪੁੱਛੇ ਗਏ ਸਨ । ਉਹਨਾਂ ਵੱਲੋਂ ਭੇਜੇ ਉੱਤਰਾਂ ਦੇ ਚੋਣ ਹਲਕਾ ਸੈਕਸ ਅਤੇ ਉਮਰ ਦੇ ਹਿਸਾਬ ਨਾਲ ਗਰੁੱਪ ਬਣਾਏ ਗਏ ।

ਜਿਸ ਚੋਣ ਹਲਕੇ ਵਿੱਚੋਂ ਘੱਟ ਉੱਤਰ ਆਏ, ਉਥੋਂ ਇਲੈਕਸ਼ਨ ਬੀ ਸੀ ਨੇ ਫਿਰ ਅਟਕਲ-ਪੱਚੂ ਨਾਲ ਹੀ 200 ਹੋਰ ਨਾਮ ਲਏ ਤਾਂ ਕਿ ਉਸ ਚੋਣ ਹਲਕੇ ਨੂੰ ਉਚਿੱਤ ਪ੍ਰਤਿਨਿੱਧਤਾ ਮਿਲ ਸਕੇ । ਇਸ ਤਰ੍ਹਾਂ ਕੁੱਲ 23,034 ਪੱਤਰ ਭੇਜੇ ਗਏ, ਜਿਹਨਾਂ ਵਿੱਚੋਂ 1,715 ਆਦਮੀ ਅਤੇ ਔਰਤਾਂ ਨੇ ਉੱਤਰ ਦਿੱਤੇ ।

ਸੂਬੇ ਵਿੱਚ ਵੱਖ ਵੱਖ ਥਾਵਾਂ ਤੇ ਕੀਤੀਆਂ ਗਈਆਂ 27 ਮੀਟਿੰਗਾਂ ਵਿੱਚੋਂ ਇੱਕ ਵਿੱਚ ਸ਼ਾਮਲ ਹੋਣ ਲਈ ਇਹਨਾਂ ਨੂੰ ਸੱਦਾ ਪੱਤਰ ਭੇਜੇ ਗਏ । ਨੌ ਸੌ ਤੇ ਚੌਂਹਟ (964) ਆਦਮੀ ਤੇ ਔਰਤਾਂ ਨੇ ਮੀਟਿੰਗਾਂ ਵਿੱਚ ਭਾਗ ਲਿਆ । ਸਟਾਫ ਨੇ ਸਿਟੀਜਨਜ਼' ਅਸੈਂਬਲੀ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹ ਮੈਂਬਰਾਂ ਕੋਲੋਂ ਕੀ ਆਸ ਰਖਦੇ ਹਨ । ਸਟਾਫ ਨੇ ਵਿਧਾਨ ਸਭਾ ਵੱਲੋਂ ਰੱਖੇ ਗਏ ਮਾਪਦੰਡ criteria ਬਾਰੇ ਵੀ ਦੱਸਿਆ । ਉਥੇ ਅਸੈਂਬਲੀ ਵਿੱਚ ਸੇਵਾ ਕਰਨ ਲਈ ਹਾਜ਼ਰ ਵਿਅੱਕਤੀਆਂ ਨੇ ਆਪਣੀ ਯੋਗਤਾ ਦੱਸੀ ਅਤੇ ਅਸੈਂਬਲੀ ਵਿੱਚ ਕੰਮ ਕਰਨ ਦੇ ਇਰਾਦੇ ਨੂੰ ਪੱਕਿਆਂ ਕੀਤਾ । ਉਸ ਉਪਰੰਤ ਇਹਨਾਂ ਨਾਵਾਂ ਨੂੰ ਇੱਕ ਵੱਡੇ ਹੈਟ ਵਿੱਚ ਪਾਇਆ ਗਿਆ ।

ਫਿਰ ਡਰਾਅ ਕੱਢਿਆ ਗਿਆ । ਹਰ ਹਲਕੇ ਵਿੱਚੋਂ ਇੱਕ ਆਦਮੀ ਅਤੇ ਇੱਕ ਔਰਤ ਚੁਣੀ ਗਈ ਅਤੇ ਇਹ ਪ੍ਰਕ੍ਰਿਆ ਉਹਨਾਂ ਚਿਰ ਚਲਦੀ ਰਹੀ ਜਿੰਨਾਂ ਚਿਰ 158 ਮੈਂਬਰ ਨਹੀਂ ਚੁਣੇ ਗਏ ।

ਇਸ ਪੱਧਰ ਤੇ ਪੜਚੋਲ ਕਰਨ ਉਪਰੰਤ ਇਹ ਸਾਹਮਣੇ ਆਇਆ ਕਿ ਸੂਬੇ ਦੇ ਫਸਟ ਨੇਸ਼ਨਜ਼ ਗਰੁੱਪ ਵਿੱਚੋਂ ਕੋਈ ਪ੍ਰਤਿਨਿੱਧ ਨਹੀਂ ਹੈ । ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਨੂੰ *"ਟਰਮਜ਼ ਔਫ ਰੈਫਰੈਂਸ"* ਵਿੱਚ ਸੋਧ ਕਰਨ ਲਈ ਕਿਹਾ ਗਿਆ ਤਾਂ ਕਿ ਆਦੀਵਾਸੀ (aboriginal) ਕਮਿਊਨਿਟੀ ਵਿੱਚੋਂ 2 ਵਿਅੱਕਤੀ ਲਏ ਜਾ ਸਕਣ ।

ਇਹ ਹੋ ਗਿਆ । ਹਰ ਵਿਅੱਕਤੀ ਜਿਹੜਾ ਸਿਲੈਕਸ਼ਨ ਮੀਟਿੰਗ ਵਿੱਚ ਆਇਆ ਪਰ ਪਹਿਲੇ ਰਾਊਂਡ ਵਿੱਚ ਚੁਣਿਆਂ ਨਹੀਂ ਗਿਆ, ਉਸ ਨੂੰ ਕਿਹਾ ਗਿਆ ਕਿ ਉਹ ਆਪਣਾ ਮੂਲ ਸਟੇਟਸ ਦੱਸੇ । ਜਿਹਨਾਂ ਨੇ ਆਪਣਾ ਆਦੀਵਾਸੀ ਹੋਣਾ ਸਥਾਪਤ ਕਰ ਦਿੱਤਾ (ਆਪਣੀ ਦਿਲਚਸਪੀ ਤੇ ਯੋਗਤਾ ਵਿਖਾਈ) ਉਹਨਾਂ ਦੇ ਨਾਮ ਇੱਕ ਵੱਡੇ ਹੈਟ ਵਿੱਚ ਪਾ ਦਿੱਤੇ ਤੇ ਉਹਨਾਂ ਵਿੱਚੋਂ ਇੱਕ ਆਦਮੀ ਅਤੇ ਇੱਕ ਔਰਤ ਚੁਣ ਲਈ ਗਈ । ਇਸ ਤਰ੍ਹਾਂ ਚੇਅਰਮੈਨ ਸਮੇਤ ਅਸੈਂਬਲੀ ਮੈਂਬਰਾਂ ਦੀ ਗਿਣਤੀ 161 ਹੋ ਗਈ । ਅਸੈਂਬਲੀ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ, ਪਰ ਚੋਣ ਪ੍ਰਕ੍ਰਿਆ ਦੌਰਾਨ ਹੀ 8 ਵਿਅੱਕਤੀਆਂ ਨੇ ਵੱਖ ਵੱਖ ਕਾਰਨਾਂ ਕਰਕੇ ਆਪਣੇ ਨਾਮ ਵਾਪਸ ਲਏ । ਨਾਮ ਵਾਪਸ ਲੈਣ ਵਾਲਿਆਂ ਦੇ ਇਲਾਕੇ ਵਿੱਚੋਂ ਹੀ ਉਹਨਾਂ ਦੀ ਜਗ੍ਹਾ ਪੂਲ ਵਿੱਚੋਂ 8 ਵਿਅੱਕਤੀ ਅਟਕਲ-ਪੱਚੂ ਨਾਲ ਲੈ ਲਏ, ਜਿਸ ਪੂਲ ਵਿੱਚੋਂ ਪਹਿਲਾਂ ਮੈਂਬਰ ਚੁਣੇ ਗਏ ਸਨ ਪਰ ਉਹਨਾਂ ਦਾ ਨਾਮ ਪਹਿਲੀ ਲਿਸਟ ਵਿੱਚ ਨਹੀਂ ਆ ਸਕਿਆ ।

ਅਸੈਂਬਲੀ ਦੀ ਟੈਕਨੀਕਲ ਰਿਪੋਰਟ ਵਿੱਚ ਸਲੈਕਸ਼ਨ ਫੇਜ ਦੀ ਪਰਖ ਪੜਚੋਲ ਵਿਸਥਾਰ-ਪੂਰਵਕ ਦਿੱਤੀ ਹੋਈ ਹੈ ।

# ਸੰਖੇਪ ਵਿੱਚ ਪ੍ਰਕ੍ਰਿਆ

# ਸਿੱਖਿਆ ਪੜਾਅ

ਸਿਟੀਜਨਜ਼' ਅਸੈਂਬਲੀ ਦੇ ਮੈਂਬਰ ਇਸ ਸੂਬੇ ਦੀਆਂ ਭਿੰਨ-ਭਿੰਨ ਕਮਿਊਨਿਟੀਆਂ ਵਿੱਚੋਂ ਲਾਏ ਗਏ ਹਨ, ਇਸ ਲਈ ਉਹਨਾਂ ਕੋਲ ਵੱਖ ਵੱਖ ਕਿਸਮ ਦਾ ਪਿਛੋਕੜ ਅਤੇ ਤਜਰਬਾ ਹੈ । ਉਹਨਾਂ ਕੋਲ ਕਈ ਪੱਧਰ ਦਾ ਗਿਆਨ ਹੈ ਅਤੇ ਉਹ ਚੋਣ ਸਿਸਟਮ ਨੂੰ ਸਮਝਦੇ ਹਨ, ਇਸ ਲਈ ਮੈਂਬਰਾਂ ਲਈ ਤਿੰਨ ਮਹੀਨੇ ਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਗਿਆ ਤਾਂ ਕਿ ਮੈਂਬਰਾਂ ਨੂੰ ਉਸ ਕੰਮ ਲਈ ਅਤੇ ਚੁਣੌਤੀਆਂ ਲਈ ਤਿਆਰ ਕੀਤਾ ਜਾ ਸਕੇ, ਜਿਸ ਦੇ ਅਧਿਕਾਰ ਉਹਨਾਂ ਨੂੰ ਦਿੱਤੇ ਗਏ ਹਨ ।

ਸਿੱਖਿਆ (Learning) ਸੈਸ਼ਨ ਜਨਵਰੀ 11 ਤੋਂ ਮਾਰਚ 26, 2004 ਤੱਕ ਵੀਕ-ਐਂਡ ਤੇ ਲਗਾਏ ਗਏ । ਇਹ ਸੈਸ਼ਨ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਵੈਨਕੂਵਰ ਵਿੱਚ ਸਥਿੱਤ ਮੌਰਿਸ ਜੇ. ਵੌਸਕ ਸੈਂਟਰ ਫਾਰ ਡਾਇਲੌਗ ਵਿਖੇ ਲਗਾਏ ਗਏ । ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਰਾਜਨੀਤਿਕ ਸਾਇੰਸਦਾਨਾਂ ਨੇ ਇਹਨਾਂ ਸੈਸ਼ਨਾਂ ਨੂੰ ਡਿਜ਼ਾਈਨ ਕੀਤਾ ਅਤੇ ਪੜ੍ਹਾਇਆ । ਕਈ ਯੂਨੀਵਰਸਿਟੀਆਂ ਦੇ ਵਿਸ਼ੇਸ਼ਗਾਂ (Experts) ਦੀ ਇੱਕ ਸਲਾਹਕਾਰ ਕਮੇਟੀ ਬਣਾਈ ਗਈ ਅਤੇ ਦੂਸਰੇ ਗਰੁੱਪਾਂ ਨੇ ਪ੍ਰੋਗਰਾਮ ਦੇ ਡਿਜ਼ਾਈਨ ਵਿੱਚ ਸਹਾਇਤਾ ਕੀਤੀ ।

ਸਿਰਕੱਢ ਅੰਤਰ-ਰਾਸ਼ਟਰੀ ਵਿਸ਼ੇਸ਼ਗਾਂ ਨਿਊਜ਼ੀਲੈਂਡ ਤੋਂ ਐਲਿਜ਼ਬੈਥ ਮੈਕਲੇਅ ਅਤੇ ਯੂਨਾਈਟਡ ਕਿੰਗਡਮ ਤੋਂ ਡੇਵਿਡ ਫੈਰਲ ਨੇ ਇੱਕ ਵੀਕ-ਐਂਡ ਦਾ ਸੈਸ਼ਨ ਚਲਾਇਆ । ਡੇਵਿਡ ਫੈਰਲ ਉਸ ਮੁਢਲੇ ਮਜ਼ਮੂਨ ਦਾ ਲੇਖਕ ਵੀ ਹੈ, ਜੋ ਸਾਰੇ ਅਸੈਂਬਲੀ ਮੈਂਬਰਾਂ ਨੂੰ ਦਿੱਤਾ ਗਿਆ ।

ਹਰ ਵੀਕ-ਐਂਡ ਸੈਸ਼ਨ ਵਿੱਚ ਤਿੰਨ ਮੁੱਖ ਆਦਰਸ਼ਕ ਪੇਸ਼ਕਾਰੀਆਂ ਕੀਤੀਆਂ ਜਾਂਦੀਆਂ ਸਨ । ਹਰ ਇੱਕ ਵਿੱਚ ਪ੍ਰਭਾਵਸ਼ਾਲੀ ਲੈਕਚਰ ਦਿੱਤਾ ਜਾਂਦਾ ਸੀ ਅਤੇ ਸੈਸ਼ਨ ਤੋਂ ਪਹਿਲਾਂ ਪੜ੍ਹਨ ਵਾਲੀ ਸਮੱਗਰੀ ਦਿੱਤੀ ਜਾਂਦੀ ਸੀ । ਹਰ ਪੇਸ਼ਕਾਰੀ ਦੇ ਬਾਅਦ ਅਸੈਂਬਲੀ ਮੈਂਬਰਾਂ ਨੂੰ 12 ਗੋਸ਼ਟੀ ਗਰੁੱਪਾਂ ਵਿੱਚ ਵੰਡਿਆ ਜਾਂਦਾ ਸੀ । ਬਹਿਸ ਸਮੇਂ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਗ੍ਰੈਜੂਏਟ ਸਹਾਇਤਾ ਕਰਦੇ ਸਨ । ਗਰੁੱਪ ਵਿੱਚ ਮੈਂਬਰਾਂ ਨੂੰ 'ਲਰਨਿੰਗ ਮਟੀਰੀਅਲ' ਅਤੇ ਲੈਕਚਰ ਨੂੰ ਸਮਝਣ ਦਾ ਅਤੇ ਚੋਣ ਸਿਸਟਮ ਦੇ ਅਸੂਲ ਅਤੇ ਅਭਿਆਸ ਤੇ ਗੋਸ਼ਟੀ (ਬਹਿਸ) ਕਰਨ ਦਾ ਮੌਕਾ ਮਿਲ ਜਾਂਦਾ ਸੀ । ਸਿੱਖਿਆ ਪੜਾਅ ਦੀ ਸਪੋਰਟ ਚੰਗੀ ਵੈਬ ਸਾਈਟ ਨਾਲ ਵੀ ਕੀਤੀ ਗਈ ।

ਅਸੈਂਬਲੀ ਮੈਂਬਰਾਂ ਨੇ ਇਹ ਵੀ ਸਿੱਖਿਆ ਕਿ ਇਕੱਠਿਆਂ ਕਿਵੇਂ ਕੰਮ ਕਰਨਾ ਹੈ । ਸਾਂਝੀਆਂ ਕਦਰਾਂ-ਕੀਮਤਾਂ ਅਸੈਂਬਲੀ ਦੇ ਕੰਮ-ਕਾਜ ਨੂੰ ਗਾਈਡ ਕਰਨ ਲਈ ਮਨਜ਼ੂਰ-ਸ਼ੁਦਾ ਨੀਤੀਆਂ ਅਤੇ ਵਿਚਾਰ-ਵਟਾਦਰੇ ਬਾਅਦ ਫੈਸਲਾ ਲੈਣ ਦੀ ਕਾਰਜ ਵਿਧੀ ਦਾ ਸੈਟੱ ਵਿਕਸਤ ਕੀਤਾ ।

ਲਰਨਿੰਗ ਫੇਜ਼ (ਸਿੱਖਿਆ ਪੜਾਅ) ਨੂੰ "ਪ੍ਰੀਲਿਮੀਨਰੀ ਸਟੇਟਮੈਂਟ ਟੂ ਦੀ ਪੀਪਲ ਔਫ ਬ੍ਰਿਟਿਸ਼ ਕੋਲੰਬੀਆ" (ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਭੇਜੀ ਮੁਢਲੀ ਸਟੇਟਮੈਂਟ) ਵਿੱਚ ਖਾਸ ਤੌਰ ਤੇ ਛਾਪਿਆ ਗਿਆ ਹੈ । ਇਸ ਸਟੇਟਮੈਂਟ ਵਿੱਚ ਅਸੈਂਬਲੀ ਵੱਲੋਂ ਕੀਤੇ ਗਏ ਕੰਮ ਦਾ ਜ਼ਿਕਰ ਹੈ ਅਤੇ ਉਸ ਵਿੱਚ ਉਹਨਾਂ ਕਦਰਾਂ-ਕੀਮਤਾਂ ਦਾ ਵੀ ਜ਼ਿਕਰ ਕੀਤਾ ਹੋਇਆ ਹੈ, ਜਿਹੜੀਆਂ ਸੂਬੇ ਦੇ ਚੋਣ ਸਿਸਟਮ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ । ਪਬਲਿਕ ਮੀਟਿੰਗਾਂ ਵਿੱਚ ਬਹਿਸ ਲਈ ਜੋ ਬੁਨਿਆਦੀ ਅਸੂਲ ਹਨ, ਉਹ ਵੀ ਸਟੇਟਮੈਂਟ ਵਿੱਚ ਦਿੱਤੇ ਹੋਏ ਹਨ ।

ਸਿੱਖਿਆ ਪੜਾਅ ਦੀ ਵਿਸਥਾਰ ਪੂਰਵਿਕ ਪਰਖ ਪੜਚੋਲ ਅਸੈਂਬਲੀ ਦੀ ਟੈਕਨੀਕਲ ਰਿਪੋਰਟ ਵਿੱਚ ਦਿੱਤੀ ਗਈ ਹੈ ।

**ਸਾਂਝੀਆਂ ਕਦਰਾਂ-ਕੀਮਤਾਂ**
ਜੋ ਅਸੈਂਬਲੀ ਨੇ ਵਿਕਸਤ ਕੀਤੀਆਂ

- ਲੋਕਾਂ ਦਾ ਅਤੇ ਉਹਨਾਂ ਦੇ ਸੁਝਾਵਾਂ ਦਾ ਸਤਿਕਾਰ ਕਰੋ
- ਵਿਚਾਰਾਂ ਨੂੰ ਚੁਣੌਤੀ ਦਿਓ, ਲੋਕਾਂ ਨੂੰ ਨਹੀਂ
- ਸਮਝਣ ਲਈ ਸੁਣੋ
- ਕਾਰਜ ਲਈ ਬਚਨ-ਬੱਧ ਰਹੋ
- ਅਧਿਕਾਰ ਖੇਤਰ ਤੇ ਫੋਕਸ ਕਰੋ: ਤਿਆਰ ਰਹੋ
- ਸਾਦੀ, ਸਾਫ ਤੇ ਸੰਖੇਪ ਗੱਲ-ਬਾਤ ਰੱਖੋ
- ਸਭ ਦਾ ਆਦਰ ਕਰੋ, ਸਾਰੇ ਮੈਂਬਰ ਬਰਾਬਰ ਹਨ
- ਹਾਂ-ਪੱਖੀ ਵਿਵਹਾਰ ਰੱਖੋ
- ਨੇਕ ਨੀਤੀ ਰੱਖੋ

# ਸੰਖੇਪ ਵਿੱਚ ਪ੍ਰਕ੍ਰਿਆ

## ਜਨਤਕ ਮੀਟਿੰਗਾਂ ਵਿੱਚ ਸੁਣਵਾਈ ਪੜਾਅ

ਮਈ ਅਤੇ ਜੂਨ 2004 ਵਿੱਚ ਸੂਬੇ ਵਿੱਚ (50) ਪੰਜਾਹ ਜਨਤਕ ਮੀਟਿੰਗਾਂ ਵਿੱਚ ਲੋਕਾਂ ਦੇ ਵਿਚਾਰ ਸੁਣੇ ਗਏ । ਮੀਟਿੰਗਾਂ ਦੀਆਂ ਥਾਵਾਂ ਇਸ ਪ੍ਰਕਾਰ ਚੁਣੀਆਂ ਗਈਆਂ ਕਿ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਸਕਣ । ਹਫਤੇ ਦੇ ਦਿਨਾਂ ਵਿੱਚ (ਸੋਮਵਾਰ ਤੋਂ ਵੀਰਵਾਰ ਤੱਕ) ਮੀਟਿੰਗਾਂ ਦਾ ਸਮਾਂ ਸ਼ਾਮ ਦੇ 6:30 ਵਜੇ ਤੋਂ ਰਾਤ ਦੇ 9:30 ਵਜੇ ਤੱਕ ਹੁੰਦਾ ਸੀ ਅਤੇ ਸਨਿਚਰਵਾਰ ਨੂੰ ਬਾਅਦ ਦੁਪਹਿਰ 1:30 ਵਜੇ ਤੋਂ ਸ਼ਾਮ ਦੇ 4:30 ਵਜੇ ਤੱਕ ਹੁੰਦਾ ਸੀ ।

ਹਰ ਮੀਟਿੰਗ ਵਿੱਚ ਚਾਰ ਤੋਂ ਸੋਲਾਂ (16) ਤੱਕ ਅਸੈਂਬਲੀ ਮੈਂਬਰ ਸ਼ਾਮਲ ਹੁੰਦੇ ਸਨ । ਅਸੈਂਬਲੀ ਨਾਮ ਸੂਚੀ (ਪੈਨਲ) ਵਿੱਚ ਸਥਾਨਕ ਚੋਣ ਜ਼ਿਲ੍ਹੇ ਦੇ ਮੈਂਬਰ, ਨਾਲ ਲਗਦੇ ਜ਼ਿਲ੍ਹਿਆਂ ਤੋਂ ਮੈਂਬਰ ਅਤੇ ਘੱਟੋ-ਘੱਟ ਇੱਕ ਮੈਂਬਰ ਸੂਬੇ ਦੇ ਦੂਸਰੇ ਜ਼ਿਲ੍ਹਿਆਂ ਵਿੱਚੋਂ ਹੁੰਦਾ ਸੀ । ਇਸ ਰਲਗਡ ਨੇ ਸਥਾਨਕ ਮਾਮਲਿਆਂ ਅਤੇ ਸੂਬੇ ਦੇ ਬਾਕੀ ਹਿੱਸੇ ਦੇ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਅਸੈਂਬਲੀ ਮੈਂਬਰਾਂ ਦੀ ਮੱਦਦ ਕੀਤੀ ।

ਇਹਨਾਂ ਜਨਤਕ ਮੀਟਿੰਗਾਂ ਵਿੱਚ ਲਗਭਗ 3000 ਬ੍ਰਿਟਿਸ਼ ਕੋਲੰਬੀਆ ਨਾਗਰਿਕ ਸ਼ਾਮਲ ਹੋਏ ਅਤੇ 383 ਲੋਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ । ਰਸਮੀ ਤੌਰ ਤੇ ਪੇਸ਼ਕਾਰੀ ਦੇ ਬਾਅਦ ਇਸ ਤੇ ਸੁਣਵਾਈ ਲਈ ਸਾਰੇ ਹਾਜ਼ਰ ਵਿਅੱਕਤੀਆਂ ਨੂੰ ਇਸ ਤੇ ਆਪਣੇ ਵਿਚਾਰ ਅਤੇ ਸੁਝਾਅ ਦੇਣ ਲਈ ਅਤੇ ਮੈਂਬਰਾਂ ਨਾਲ ਗੋਸ਼ਟੀ / ਬਹਿਸ ਕਰਨ ਲਈ ਖੁਲ੍ਹਾ ਸੱਦਾ ਦਿੱਤਾ ਜਾਂਦਾ ।

ਇਸ ਰਸਮੀ ਪੇਸ਼ਕਾਰੀ ਦਾ ਖੁਲਾਸਾ (ਸਾਰਾਂਸ਼) ਅਸੈਂਬਲੀ ਦੀ ਵੈਬਸਾਈਟ ਤੇ ਦੇ ਦਿੱਤਾ ਜਾਂਦਾ, ਜਿੱਥੋਂ ਅਸੈਂਬਲੀ ਮੈਂਬਰ ਅਤੇ ਲੋਕ ਦੇਖ ਸਕਦੇ ਸਨ । ਇਹਨਾਂ ਪੇਸ਼ਕਾਰੀਆਂ ਵਿੱਚ ਪੇਸ਼ ਕੀਤੇ ਮੁੱਦਿਆਂ ਵਿੱਚੋਂ ਸਭ ਤੋਂ ਪ੍ਰਬਲ (Dominant) ਮੁੱਦੇ ਸਨ: ਤਬਦੀਲੀ ਦੀ ਲੋੜ, ਅਨੁਪਾਤਤਾ, ਸਥਾਨਕ ਪ੍ਰਤਿਨਿੱਧਤਾ ਅਤੇ ਵੋਟਰਾਂ ਲਈ ਵੱਧ ਪਸੰਦ । ਸਾਰੇ ਸੂਬੇ ਵਿੱਚ ਲੋਕਾਂ ਨਾਲ ਸੰਪਰਕ ਚਲਦਾ ਰਿਹਾ ਕਿਉਂਕਿ ਅਸੈਂਬਲੀ ਮੈਂਬਰ ਕਮਿਊਨਿਟੀ ਗਰੁੱਪਾਂ, ਸਰਵਿਸ ਕਲੱਬਾਂ ਅਤੇ ਸਕੂਲਾਂ ਨਾਲ ਮਿਲਦੇ ਰਹੇ । ਮੀਟਿੰਗ ਵਿੱਚ ਸ਼ਾਮਲ ਹੋਣ ਵਾਲਿਆਂ ਅਤੇ ਆਪਣੇ ਵਿਚਾਰ ਪੇਸ਼ ਕਰਨ ਵਾਲੇ ਬਹੁਤੇ ਵਿਅੱਕਤੀਆਂ ਨੇ ਸਿਟੀਜਨਜ਼' ਅਸੈਂਬਲੀ ਬਣਾਏ ਜਾਣ ਤੇ ਸਰਕਾਰ ਦੀ ਪ੍ਰਸ਼ੰਸ਼ਾ ਕੀਤੀ ।

ਇਸ ਵਿੱਚ ਭਾਗ ਲੈਣ ਲਈ ਲੋਕਾਂ ਕੋਲ ਦੂਸਰਾ ਮਹੱਤਵਪੂਰਨ ਮੌਕਾ ਸੀ ਲਿਖਤੀ ਰੂਪ ਵਿੱਚ ਆਪਣੇ ਵਿਚਾਰ ਪੇਸ਼ ਕਰਨਾ । 1430 ਵਿਅੱਕਤੀਆਂ ਨੇ 1603 ਲਿਖਤਾਂ ਰਾਹੀਂ ਆਪਣੇ ਵਿਚਾਰ ਅਸੈਂਬਲੀ ਨੂੰ ਭੇਜੇ । ਇਹਨਾਂ ਵਿੱਚੋਂ ਬਹੁਤਿਆਂ ਨੇ ਅਸੈਂਬਲੀ ਦੀ ਵੈਬਸਾਈਟ ਰਾਹੀਂ ਭੇਜੇ, ਜਿੱਥੇ ਉਹਨਾਂ ਨੂੰ ਲੋਕਾਂ ਦੇ ਵਿਚਾਰ ਹਿਤ ਰੱਖਿਆ ਗਿਆ। ਕਈ ਵਾਰੀ ਇਹਨਾਂ ਪੇਸ਼ਕਾਰੀਆਂ ਵਿੱਚ ਪਿਛਲੇ ਸਮੇਂ ਵਿੱਚ ਦਿੱਤੀਆਂ ਗਈਆਂ ਪੇਸ਼ਕਾਰੀਆਂ ਦਾ ਜ਼ਿਕਰ ਵੀ ਕੀਤਾ ਜਾਂਦਾ ਸੀ । ਇਸ ਤਰ੍ਹਾਂ ਸੰਵਾਦ (dialogue) ਚਲਦਾ ਰਿਹਾ ।

ਇੱਕ ਖੋਜੀ ਸਟਾਫ ਮੈਂਬਰ ਨੇ ਇੱਕ ਪੇਸ਼ਕਾਰੀ ਨੂੰ ਪੜ੍ਹਿਆ ਜੋ ਉਹਨਾਂ ਕੋਲ ਪਹੁੰਚੀ ਅਤੇ ਉਸ ਦਾ ਸਾਰੰਸ਼ ਤਿਆਰ ਕੀਤਾ । ਤਦ ਸਾਰੇ ਸਾਰੰਸ਼ਾਂ ਦਾ ਸੈਟੱ ਹਰ ਇੱਕ ਅਸੈਂਬਲੀ ਮੈਂਬਰ ਨੂੰ ਦਿੱਤਾ ਗਿਆ ਅਤੇ ਨਾਲ ਹੀ ਉਹਨਾਂ ਦਾ ਸਾਰਾਂਸ਼ ਅਤੇ ਵਿਸ਼ੇ ਅਨੁਸਾਰ ਤਿਆਰ ਕੀਤੀ ਹੋਈ ਖੋਜੀ ਡਾਟਾ ਫਾਈਲ (searchable data File) ਵੀ ਦਿੱਤੀ । ਲੋਕਾਂ ਵੱਲੋਂ ਦਿੱਤੀਆਂ ਪੇਸ਼ਕਾਰੀਆਂ (Presentations) ਵਿੱਚ ਵੀ ਲੋਕਾਂ ਨੇ ਨਵੇਂ ਚੋਣ ਸਿਸਟਮ ਨੂੰ ਅਪਨਾਉਣ ਦੀ ਸਪੋਰਟ ਕੀਤੀ ਹੈ । ਬਹੁਤੇ ਲੋਕਾਂ ਨੇ ਇਸ ਦੇ ਹੱਕ ਵਿੱਚ ਕਈ ਉਦਾਹਰਣਾਂ ਵੀ ਦਿੱਤੀਆਂ ਅਤੇ ਦਲੀਲਾਂ ਵੀ ਦਿੱਤੀਆਂ ।

ਲੋਕਾਂ ਦੀ ਸੁਣਵਾਈ (Public Hearing) ਦੀ ਸਮਾਪਤੀ ਤੇ ਜੋ ਕੁੱਝ ਉਹਨਾਂ ਸੁਣਿਆਂ ਤੇ ਪੜ੍ਹਿਆ ਉਸ ਤੇ ਮੁੜ ਵਿਚਾਰ ਕਰਨ ਲਈ ਅਸੈਂਬਲੀ ਪ੍ਰਿੰਸ ਜੌਰਜ ਵਿੱਚ ਇਕੱਠੀ ਹੋਈ । ਅਸੈਂਬਲੀ ਨੇ ਇੱਕ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਕਿ ਪਤਝੜ ਦੀ ਰੁੱਤ ਵਿੱਚ ਇਹਨਾਂ ਉਤੇ ਕਿਵੇਂ ਸੋਚ ਵਿਚਾਰ ਕੀਤੀ ਜਾਵੇਗੀ ਅਤੇ ਫੈਸਲਾ ਲਿਆ ਜਾਵੇਗਾ ।

ਜਨਤਕ ਮੀਟੰਗਾਂ ਵਿੱਚ ਸੁਣਵਾਈ ਪੜਾਅ ਦੀ ਵਿਸਥਾਰ-ਪੂਰਵਕ ਪਰਖ-ਪੜਚੋਲ ਅਸੈਂਬਲੀ ਦੀ *ਟੈਕਨੀਕਲ ਰਿਪੋਰਟ* ਵਿੱਚ ਦਿੱਤੀ ਗਈ ਹੈ ।

# ਸੰਖੇਪ ਵਿੱਚ ਪ੍ਰਕ੍ਰਿਆ

# ਵਿਚਾਰ ਵਟਾਂਦਰਾ ਪੜਾਅ

ਵਿਚਾਰ-ਵਟਾਂਦਰੇ ਪੜਾਅ ਨੇ ਅਸੈਂਬਲੀ ਦੇ ਕੰਮ ਨੂੰ ਸੰਪੂਰਨਤਾ ਵੱਲ ਲਿਆਂਦਾ ਹੈ । ਸਤੰਬਰ ਤੋਂ ਨਵੰਬਰ 2004 ਤੱਕ ਮੌਰਿਸ ਜੇ. ਵੌਸਕ ਸੈਂਟਰ ਫਾਰ ਡਾਇਲੌਗ ਵਿੱਚ ਚਲੇ ਸੈਸ਼ਨਾਂ ਵਿੱਚ ਅਸੈਂਬਲੀ ਮੈਂਬਰਾਂ ਨੇ ਉਹ ਹੀ ਵਿਚਾਰਿਆ ਜੋ ਉਹਨਾਂ ਅਧਿਅਨ ਅਤੇ ਖੋਜ ਰਾਹੀਂ ਸਿੱਖਿਆ ਅਤੇ ਜੋ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੇ ਦੱਸਿਆ । ਮੈਂਬਰਾਂ ਨੇ ਇਸ ਵਿਚਾਰ-ਵਟਾਂਦਰੇ ਨੂੰ ਲੋਕਰਾਜੀ ਕਦਰਾਂ-ਕੀਮਤਾਂ ਦੀ ਪ੍ਰੀਭਾਸ਼ਾ ਵਿੱਚ ਬੜੀ ਚੰਗੀ ਤਰ੍ਹਾਂ ਫਰੇਮ ਕੀਤਾ: ਉਚਿੱਤ (ਅਨੁਪਾਤਤ ਚੋਣ ਨਤੀਜੇ) ਅਸਰਦਾਇਕ ਸਥਾਨਕ ਪ੍ਰਤਿਨਿੱਧਤਾ ਅਤੇ ਵਧੇਰੇ ਵੋਟਰ ਪਸੰਦ । ਪਹਿਲਾ ਸੈਸ਼ਨ ਚੋਣ ਸਿਸਟਮ ਦੇ ਉਹਨਾਂ ਲੱਛਣਾਂ ਤੇ ਫੋਕਸ ਰਿਹਾ ਜਿਹੜੇ ਇਸ ਦੀਆਂ ਕਦਰਾਂ-ਕੀਮਤਾਂ ਦਾ ਅਕਸ ਉਘਾੜਦੇ ਸਨ ।

ਇਸ ਵਿੱਚ ਲੋਕਾਂ ਵੱਲੋਂ ਕਈ ਇਲੈਕਟੋਰਲ ਸਿਸਟਮ ਨਾਲ ਸੰਬੰਧਤ ਕੀਤੀਆਂ ਗਈਆਂ ਰਸਮੀ ਪੇਸ਼ਕਾਰੀਆਂ ਵੀ ਸਨ, ਜੋ ਆਪੋ ਆਪਣੀ ਜਗ੍ਹਾ ਬਹੁਤ ਵਧੀਆ ਸਨ। ਇਹਨਾਂ ਦੀ ਪਛਾਣ ਜਨਤਕ ਮੀਟਿਗਾਂ ਵਿੱਚ ਕੀਤੀ ਗਈ ।

ਇਸ ਤੋਂ ਬਾਅਦ ਮੈਂਬਰਾਂ ਨੇ ਬੁਨਿਆਦੀ ਅਸੂਲਾਂ ਬਾਰੇ ਵਿਚਾਰ-ਵਟਾਂਦਰਾ ਛੱਡ ਕੇ ਇਸ ਦੀ ਪਰਖ-ਪੜਚੋਲ ਵੱਲ ਧਿਆਨ ਦਿੱਤਾ ਕਿ ਬ੍ਰਿਟਿਸ਼ ਕੋਲੰਬੀਆ ਲਈ ਨਵਾਂ ਇਲੈਕਟੋਰਲ ਸਿਸਟਮ ਕਿਹੋ ਜਿਹਾ ਲਗੇਗਾ ਅਤੇ ਇਹ ਕਿਵੇਂ ਅਮਲ ਵਿੱਚ ਆਵੇਗਾ । ਅਸੈਂਬਲੀ ਨੇ ਦੋ ਵਿਸਥਾਰ-ਪੂਰਵਕ ਮਾਡਲ ਬਣਾਏ ਇੱਕ "ਸਿੰਗਲ ਟ੍ਰਾਂਸਫਰੇਬਲ ਵੋਟ" (STV) ਸਿਸਟਮ ਅਤੇ ਦੂਸਰਾ ਮਿਕਸਡ-ਮੈਂਬਰ ਪ੍ਰੋਪੋਰਸ਼ਨਲ (MMP) ਸਿਸਟਮ । ਹਰੇਕ ਸਿਸਟਮ ਬੁਨਿਆਦੀ ਕਦਰਾਂ-ਕੀਮਤਾਂ ਨੂੰ ਬਿਆਨ ਕਰਦਾ ਹੈ ਪਰ ਬਿਲਕੁਲ ਵੱਖੋ-ਵੱਖ ਤਰੀਕੇ ਨਾਲ । ਅੰਤ ਤੇ ਬੜੀ ਸਾਵਧਾਨੀ ਨਾਲ ਦੋਨਾਂ ਬਦਲਵਿਆਂ ਸਿਸਟਮਾਂ ਦੀ ਤੁਲਨਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । ਹਰੇਕ ਸਿਸਟਮ ਕਿਵੇਂ ਕੰਮ ਕਰੇਗਾ ਅਤੇ ਇੱਕ ਜਾਂ ਦੂਜੇ ਸਿਸਟਮ ਨੂੰ ਅਪਨਾਉਣ ਦੇ ਕੀ ਨਤੀਜੇ ਹੋਣਗੇ, ਬਾਰੇ ਮੈਂਬਰਾਂ ਨੇ ਪੂਰੀ ਛਾਣਬੀਣ ਕੀਤੀ । ਮੈਂਬਰਾਂ ਨੇ ਇਹ ਵੀ ਵਿਚਾਰ ਕੀਤੀ ਕਿ ਹਰੇਕ ਸਿਸਟਮ ਦਾ ਸਾਡੀਆਂ ਰਾਜਨੀਤਿਕ ਪਾਰਟੀਆਂ ਦੇ ਕੰਮ-ਕਾਜ ਤੇ, ਲੈਜਿਸਲੇਚਰ ਤੇ, ਸੂਬੇ ਵਿੱਚ ਸਰਕਾਰ ਦੇ ਪੈਟਰਨ (ਨਮੂਨੇ) ਤੇ ਕੀ ਅਸਰ ਹੋਵੇਗਾ । ਅੰਤ ਤੇ ਬਹੁਤ ਹੀ ਸੋਚ ਭਰਪੂਰ ਅਤੇ ਸਰਵ-ਪੱਖੀ ਬਹਿਸ ਦੇ ਬਾਅਦ ਮੈਂਬਰਾਂ ਨੇ ਆਪਣੀ ਪਸੰਦ / ਰਾਇ ਬਣਾ ਲਈ ।

ਅਸੈਂਬਲੀ ਵੋਟ - ਅਕਤੂਬਰ 23, 2004
ਇਹਨਾਂ ਦੋਨਾਂ ਵਿੱਚੋਂ ਕਿਹੜਾ ਬ੍ਰਿਟਿਸ਼ ਕੋਲੰਬੀਆ ਦੀ ਵਧੀਆ ਸੇਵਾ ਕਰ ਸਕਦਾ ਹੈ ?
ਐਮ ਐਮ ਪੀ - 31 ਐਸ ਟੀ ਵੀ -123

ਕਿਹੜਾ ਇਲੈਕਟੋਰਲ ਸਿਸਟਮ ਅਸਰਦਾਇਕ ਸਥਾਨਕ ਪ੍ਰਤਿਨਿਧੱਤਾ, ਉਚਿੱਤ ਚੋਣ ਨਤੀਜੇ ਅਤੇ ਵਧੇਰੇ ਪਸੰਦ ਪ੍ਰਦਾਨ ਕਰਦਾ ਹੈ, ਦੀ ਪਛਾਣ ਕਰ ਲੈਣ ਦੇ ਬਾਅਦ ਅਸੈਂਬਲੀ ਨੇ ਮੌਜੂਦਾ ਇਲੈਕਟੋਰਲ ਸਿਸਟਮ ਤੇ ਮੁੜ ਚੰਗੀ ਤਰ੍ਹਾਂ ਵਿਚਾਰ ਕੀਤੀ । ਮੈਂਬਰਾਂ ਨੇ ਇਹ ਫੈਸਲਾ ਕੀਤਾ ਕਿ ਉਹ ਤਾਂ ਹੀ ਦੂਸਰੇ ਬਦਲਵੇਂ ਸਿਸਟਮ ਦੀ ਸਿਫਾਰਸ਼ ਕਰਨਗੇ ਜੇ ਕਰ ਉਹਨਾਂ ਨੂੰ ਇਹ ਪੱਕਾ ਵਿਸ਼ਵਾਸ ਹੋ ਜਾਏ ਕਿ ਉਹਨਾਂ ਵੱਲੋਂ ਪੇਸ਼ ਕੀਤਾ ਗਿਆ ਬਦਲਵਾਂ ਸਿਸਟਮ ਮੌਜੂਦਾ ਪ੍ਰਚੱਲਤ ਸਿਸਟਮ ਨਾਲੋਂ ਸਪੱਸ਼ਟ ਤੌਰ ਤੇ ਬਹੁਤ ਉੱਤਮ ਹੈ । ਇਸ ਤੇ ਐਸ ਟੀ ਵੀ ਸਿਸਟਮ ਅਤੇ ਮੌਜੂਦਾ ਐਫ ਪੀ ਟੀ ਪੀ ਸਿਸਟਮ ਵਿਚਕਾਰ ਤੁਲਨਾ ਕੀਤੀ ਗਈ । ਮੈਂਬਰਾਂ ਨੇ ਤਦ ਦੋ ਮਹੱਤਵਪੂਰਨ ਫੈਸਲੇ ਲਏ ।

ਅਸੈਂਬਲੀ ਵੋਟ - ਅਕਤੂਬਰ 24, 2004

ਕੀ ਅਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਮੌਜੂਦਾ
ਫਸਟ-ਪਾਸਟ-ਦੀ-ਪੋਸਟ ਚੋਣ ਸਿਸਟਮ ਨੂੰ ਜ਼ਾਰੀ
ਰੱਖੀ ਰੱਖਣ ਲਈ ਸਿਫਾਰਸ਼ ਕਰੀਏ ।
ਹਾਂ-11 ਨਾਂਹ - 142

ਕੀ ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ
17 ਮਈ 2005 ਨੂੰ ਰਾਇਸ਼ੁਮਾਰੀ ਵਿੱਚ ਐਸ ਟੀ ਵੀ
(ਬੀ ਸੀ - ਐਸ ਟੀ ਵੀ) ਚੋਣ ਸਿਸਟਮ ਦੀ ਸਿਫਾਰਸ਼ ਕਰੀਏ ।
ਹਾਂ - 146 ਨਾਂਹ - 7

ਵਿਚਾਰ-ਵਟਾਂਦਰੇ ਦੇ ਆਖਰੀ ਸੈਸ਼ਨ ਵਿੱਚ ਐਸ ਟੀ ਵੀ ਸਿਸਟਮ ਨੂੰ ਵਧੀਆ ਬਨਾਉਣ ਵਿੱਚ ਧਿਆਨ ਕੇਂਦਰਤ ਰਿਹਾ ਤਾਂ ਕਿ ਇਹ ਸਿਸਟਮ ਬ੍ਰਿਟਿਸ਼ ਕੋਲੰਬੀਆ ਦੀਆਂ ਲੋੜਾਂ ਪੂਰੀਆਂ ਕਰਨ ਯੋਗ ਹੋਵੇ । ਇਸ ਦੇ ਨਾਲ ਹੀ ਅਸੈਂਬਲੀ ਨੇ ਅੰਤਮ ਰਿਪੋਰਟ ਅਤੇ ਸਿਫਾਰਸ਼ਾਂ ਤਿਆਰ ਕਰਨ ਵਿੱਚ ਵੀ ਧਿਆਨ ਕੇਂਦਰਿਤ ਰੱਖਿਆ ।

ਵਿਚਾਰ-ਵਟਾਂਦਰੇ ਪੜਾਅ ਦੀ ਵਿਸਥਾਰ ਪੂਰਵਕ ਪਰਖ-ਪੜਚੋਲ ਅਸੈਂਬਲੀ ਦੀ ਟੈਕਨੀਕਲ ਰਿਪੋਰਟ ਵਿੱਚ ਦਿੱਤੀ ਗਈ ਹੈ ।

# ਅਧਿਕਾਰ

ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰੀਫੌਰਮ ਨੂੰ ਜੋ ਅਧਿਕਾਰ ਦਿੱਤੇ ਗਏ ਹਨ, ਉਹ ਆਰਡਰ-ਇਨ-ਕੌਂਸਲ ਵਿੱਚ ਲਿਖੇ ਹੋਏ ਹਨ:
ਸਿਟੀਜਨਜ਼' ਅਸੈਂਬਲੀ ਔਨ ਇਸੈਕਟੋਰਲ ਰੀਫੌਰਮ ਟਰਮਜ਼ ਔਫ ਰੈਫਰੈਂਸ - ਮਈ 16, 2003 ਨੂੰ ਜ਼ਾਰੀ ਕੀਤਾ ਗਿਆ। ਸਾਰੀਆਂ ਹੀ ਟਰਮਜ਼ ਔਫ ਰੈਫਰੈਂਸ ਅਤੇ ਚੇਅਰਮੈਨ ਦੀਆਂ ਡਿਊਟੀਆਂ ਅਸੈਂਬਲੀ ਦੀ *ਟੈਕਨੀਕਲ ਰਿਪੋਰਟ* ਵਿੱਚੋਂ ਦੇਖੀਆਂ ਜਾ ਸਕਦੀਆਂ ਹਨ।

ਟਰਮਜ਼ ਔਫ ਰੈਫਰੈਂਸ ਜਿਹੜੀਆਂ ਅਸੈਂਬਲੀ ਦੇ ਅਧਿਕਾਰ ਖੇਤਰ ਬਾਰੇ ਸਿੱਧਾ ਸੰਕੇਤ ਦਿੰਦੀਆਂ ਹਨ। ਉਹ ਹਨ:

1. ਸਿਟੀਜਨਜ਼' ਅਸੈਂਬਲੀ ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਸੰਬੰਧੀ ਹਰ ਮਾਡਲ (ਨਮੂਨੇ) ਦਾ ਮੁਲੰਕਣ ਜ਼ਰੂਰ ਕਰੇ ਅਤੇ ਆਪਣੀ ਰਿਪੋਰਟ ਜ਼ਾਰੀ ਕਰੇ ਕਿ ਕੀ ਮੌਜੂਦਾ ਮਾਡਲ ਨੂੰ ਹੀ ਜ਼ਾਰੀ ਰੱਖਿਆ ਜਾਵੇ ਜਾਂ ਫਿਰ ਦੂਸਰਾ ਮਾਡਲ ਅਪਨਾਉਣਾ ਚਾਹੀਦਾ ਹੈ।

2. ਸੈਕਸ਼ਨ 1. ਵਿੱਚ ਜੋ ਬਿਆਨ ਕੀਤਾ ਗਿਆ ਹੈ, ਉਸ ਦਾ ਮੁਲੰਕਣ ਕਰਨ ਸਮੇਂ ਸਿਟੀਜਨਜ਼' ਅਸੈਂਬਲੀ ਵੱਲੋਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਲਿਖਤੀ ਰੂਪ ਵਿੱਚ ਆਪਣੀਆਂ ਪੇਸ਼ਕਾਰੀਆਂ ਦੇਣ ਦਾ ਅਤੇ ਜਨਤਕ ਮੀਟਿੰਗਾਂ ਸਮੇਂ ਮੂੰਹ-ਜ਼ਬਾਨੀ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਵੇ।

3. ਸੈਕਸ਼ਨ 1 ਦੇ ਅਧੀਨ ਜੇ ਕਰ ਸਿਟੀਜਨਜ਼' ਅਸੈਂਬਲੀ ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਲਈ ਮੌਜੂਦਾ ਮਾਡਲ ਤੋਂ ਵੱਖਰਾ ਮਾਡਲ ਅਪਨਾਉਣ ਦੀ ਸਿਫਾਰਸ਼ ਕਰਦੀ ਹੈ ਤਾਂ

    ੳ. ਮਾਡਲ ਕੈਨੇਡਾ ਦੇ ਸੰਵਿਧਾਨ ਅਤੇ ਵੈਸਟ ਮਨਿਸਟਰ ਪਾਰਲੀਮੈਂਟਰੀ ਸਿਸਟਮ ਦੋਨਾਂ ਦੇ ਹੀ ਅਨੁਕੂਲ ਜ਼ਰੂਰ ਹੋਵੇ ਅਤੇ

    ਅ. ਆਪਣੀ ਰਿਪੋਰਟ ਵਿੱਚ ਮਾਡਲ ਨੂੰ ਸਪੱਸ਼ਟ ਤੇ ਵਿਸਥਾਰਪੂਰਵਕ ਬਿਆਨ ਕਰਨਾ ਜ਼ਰੂਰੀ ਹੈ।

4. ਸੈਕਸ਼ਨ 1 ਵਿੱਚ ਬਿਆਨ ਕੀਤੇ ਮੁਲੰਕਣ ਲਈ ਜ਼ਰੂਰੀ ਹੈ ਕਿ

    ੳ. ਉਹ ਇਸ ਤਰੀਕੇ ਦਾ ਹੋਵੇ ਜਿਹੜਾ ਵੋਟਰਾਂ ਦੇ ਬੇਲਟਾਂ ਨੂੰ ਚੁਣੇ ਹੋਏ ਮੈਂਬਰਾਂ ਵਿੱਚ ਬਦਲੇ।

    ਅ. ਇਹ ਵੀ ਧਿਆਨ ਰੱਖਿਆ ਜਾਵੇ ਕਿ ਸਿਫਾਰਸ਼ ਕੀਤੇ ਹੋਏ ਮਾਡਲ ਦਾ ਸੰਭਾਵੀ ਅਸਰ ਸਰਕਾਰ ਤੇ, ਵਿਧਾਨ ਸਭਾ ਤੇ ਅਤੇ ਰਾਜਨੀਤਕ ਪਾਰਟੀਆਂ ਤੇ ਕੀ ਹੋਵੇਗਾ।

ਇਸ ਦੇ ਨਾਲ ਹੀ ਟਰਮ ਔਫ ਰੈਫਰੈਂਸ ਵਿੱਚ ਇਹ ਵੀ ਅੰਕਿਤ ਹੈ ਕਿ ਅਸੈਂਬਲੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਅੰਤਮ ਸਿਫਾਰਸ਼ ਸੰਬੰਧੀ ਇੱਕ ਰਿਪੋਰਟ ਤਿਆਰ ਕਰੇ।

10. ਸਿਟੀਜਨਜ਼' ਅਸੈਂਬਲੀ ਲਈ ਇਹ ਜ਼ਰੂਰੀ ਹੈ ਕਿ ਸੈਕਸ਼ਨ 1 ਵਿੱਚ ਜੋ ਦੱਸਿਆ ਗਿਆ ਹੈ, ਉਸ ਦੀ ਰਿਪੋਰਟ ਦਾ ਆਖਰੀ ਖਰੜਾ ਅਟੌਰਨੀ ਜਨਰਲ ਨੂੰ 15 ਦਸੰਬਰ, 2004 ਤੱਕ ਜ਼ਰੂਰ ਪੇਸ਼ ਕੀਤਾ ਜਾਵੇ ਤਾਂ ਕਿ ਉਸ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇ।

11. ਰਿਪੋਰਟ ਦਾ ਆਖਰੀ ਖਰੜਾ ਅਟੌਰਨੀ ਜਨਰਲ ਕੋਲ ਪੇਸ਼ ਕਰਨ ਤੋਂ ਬਾਅਦ ਪ੍ਰਧਾਨ ਇਸ ਨੂੰ ਛਾਪਣ ਦਾ ਕੰਮ ਕਰ ਸਕਦਾ ਹੈ।

# ਚੇਅਰਮੈਨ ਵੱਲੋਂ ਨੋਟ

ਆਧੁਨਿਕ ਇਤਿਹਾਸ ਵਿੱਚ ਇਸ ਤੋਂ ਪਹਿਲਾਂ ਕਦੇ ਨਹੀਂ ਹੋਇਆ ਕਿ ਇੱਕ ਚੁਣੀ ਹੋਈ ਸਰਕਾਰ ਨੇ ਕਦੇ ਅਣਚੁਣਿਆਂ "ਸਧਾਰਣ" ਨਾਗਰਿਕਾਂ ਨੂੰ ਇੱਕ ਬਹੁਤ ਹੀ ਮਹਤਵਪੂਰਨ ਪਬਲਿਕ ਪਾਲਿਸੀ ਤੇ ਮੁੜ ਵਿਚਾਰ ਕਰਨ ਲਈ ਅਧਿਕਾਰ (ਪਾਵਰ) ਦਿੱਤੇ ਹੋਣ ਅਤੇ ਉਸ ਉਪਰੰਤ ਇਸ ਨੀਤੀ (ਪਾਲਿਸੀ) ਵਿੱਚ ਕੀਤੀ ਗਈਆਂ ਤਬਦੀਲੀਆਂ ਦੀ ਪ੍ਰਵਾਨਗੀ ਵੀ ਨਾਗਰਿਕਾਂ ਪਾਸੋਂ ਲੈਣੀ ਹੋਵੇ। ਬ੍ਰਿਟਿਸ਼ ਕੋਲੰਬੀਆ ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰੀਫਾਰਮ ਕੋਲ ਪੂਰਾ ਅਧਿਕਾਰ ਹੈ ਅਤੇ ਉਸ ਦੀ ਜ਼ਿੰਮੇਵਾਰੀ ਵੀ ਹੈ। ਆਪਣੇ ਪੂਰੇ ਕਾਰਜ ਕਾਲ ਵਿੱਚ ਅਸੈਂਬਲੀ ਨੇ ਸਰਕਾਰ ਤੋਂ ਅਜ਼ਾਦ ਰਹਿ ਕੇ ਕੰਮ ਕੀਤਾ।

ਮੈਂ ਇਸ ਵਿਲੱਖਣ ਗਿਫਟ (ਤੋਹਫੇ) ਨੂੰ ਸਵੀਕਾਰ ਕਰਦਿਆਂ ਅਸੈਂਬਲੀ ਬਨਾਉਣ ਲਈ ਸਭ ਤੋਂ ਪਹਿਲਾਂ ਮੁੱਖ ਮੰਤਰੀ ਗੌਰਡਨ ਕੈਂਬਲ ਦਾ ਧੰਨਵਾਦ ਕਰਦਾ ਹਾਂ। ਭਾਵੇਂ ਬਹੁਤ ਸਾਰੇ ਕਮਿਊਨਿਟੀ ਲੀਡਰਾਂ ਨੇ ਇਸ ਵਿਚਾਰਧਾਰਾ ਨੂੰ ਉਤਸ਼ਾਹਿਤ ਕੀਤਾ ਪਰ ਮੁੱਖ ਮੰਤਰੀ ਨੇ ਅਟੌਰਨੀ ਜਨਰਲ ਜਿਉਫ ਪਲਾਂਟ ਨਾਲ ਮਿਲ ਕੇ ਅਸੈਂਬਲੀ ਬਨਾਉਣ ਲਈ ਲੋੜੀਂਦੇ ਕਦਮ ਚੁੱਕੇ।

ਮੈਂ ਇਥੇ ਵਿਧਾਨ ਸਭਾ ਵੱਲੋਂ ਨਿਭਾਏ ਗਏ ਰੋਲ ਦੀ ਵੀ ਸ਼ਲਾਘਾ ਕਰਦਾ ਹਾਂ। "ਟਰਮਜ਼ ਔਫ ਰੈਫਰੈਂਸ" ਅਤੇ ਰਾਏ ਸ਼ੁਮਾਰੀ ਲਈ ਪ੍ਰਬੰਧ ਕਰਨ ਲਈ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ। ਸਾਡੇ ਵਿਧਾਨ ਸਭਾ ਮੈਂਬਰਾਂ ਨੇ ਸਰਬ ਸੰਮਤੀ ਦਿਖਾ ਕੇ ਇਤਿਹਾਸ ਸਿਰਜਿਆ ਹੈ।

ਸਿਟੀਜਜ਼ਨ' ਅਸੈਂਬਲੀ ਦੇ ਮੈਂਬਰਾਂ ਨੇ ਆਪਣਾ ਖੁਲ੍ਹਾ ਸਮਾਂ ਦਿੱਤਾ ਅਤੇ ਮਿਹਨਤ ਨਾਲ ਕੰਮ ਕੀਤਾ। ਇਹਨਾਂ ਨੇ ਇਹ ਸਾਬਤ ਕਰ ਦਿੱਤਾ ਕਿ ਸਧਾਰਣ ਨਾਗਰਿਕ ਕਿਵੇਂ ਵਿਸ਼ੇਸ਼ ਬਣ ਜਾਦਾ ਹੈ ਜਦੋਂ ਉਸ ਨੂੰ ਮਹੱਤਵਪੂਰਣ ਕੰਮ, ਸਾਧਨ ਅਤੇ ਅਜ਼ਾਦੀ ਦਿੱਤੀ ਜਾਂਦੀ ਹੈ। ਅਸੈਂਬਲੀ ਦੇ ਗਿਆਰਾਂ ਮਹੀਨਿਆਂ ਦੇ ਸਮੇਂ ਦੌਰਾਨ 161 ਮੈਂਬਰਾਂ ਵਿੱਚੋਂ ਸਿਰਫ ਇੱਕ ਮੈਂਬਰ ਨੇ ਹੀ ਆਪਣਾ ਨਾਮ ਵਾਪਸ ਲਿਆ ਹੈ ਅਤੇ ਹਾਜ਼ਰੀ ਵਧੀਆ ਰਹੀ। ਉਹਨਾਂ ਦੀ ਵੱਡੀ ਅਤੇ ਚਿਰਜੀਵੀ ਪ੍ਰਾਪਤੀ ਲੋਕਰਾਜ ਦੇ ਰਾਜ ਪ੍ਰਬੰਧ ਦੇ ਨਵੇਂ ਮਾਧਿਅਮ ਨੂੰ ਜਨਮ ਦੇਣਾ ਹੈ।

ਬਹੁਤ ਸਾਰੇ ਨਵਿਆਂ ਸਿਧਾਂਤਾਂ ਅਤੇ ਹੁਨਰਾਂ ਨੂੰ ਸਿੱਖਣ ਲਈ ਪ੍ਰਭਾਵਸ਼ਾਲੀ ਬਚਨਬੱਧਤਾ ਅਤੇ ਬਹਿਸ ਵਿੱਚ ਇੱਕ ਦੂਜੇ ਦਾ ਮਾਣ ਸਤਿਕਾਰ ਰੱਖਣਾ ਸੱਚਮੁਚ ਹੀ ਮਾਅਰਕੇ ਦਾ ਸੀ। ਅਸੈਂਬਲੀ ਮੈਂਬਰਾਂ ਨੇ ਬਹੁਤ ਉਚੱ-ਪੱਧਰਾ ਆਚਰਣ ਪੇਸ਼ ਕੀਤਾ ਜਿਸ ਨੇ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕੀਤਾ ਹੈ। ਅਸੈਂਬਲੀ ਦੇ ਹਰ ਇੱਕ ਮੈਂਬਰ ਨੂੰ ਮੇਰਾ ਤਹਿ ਦਿਲੋਂ ਧੰਨਵਾਦ ਤੇ ਆਦਾਬ।

ਸਿਟੀਜਨਜ਼' ਅਸੈਂਬਲੀ ਦਾ ਵਿਚਾਰ – ਇਸਦੇ ਵਿਲੱਖਣ ਅਧਿਕਾਰ ਅਤੇ ਇਸ ਦੀ ਮਹੱਤਤਾ, ਪ੍ਰਭਾਵਸ਼ਾਲੀ ਸਟਾਫ, ਖੋਜੀਆਂ ਅਤੇ ਪ੍ਰਬੰਧਕਾਂ ਦੇ ਕੰਮ ਨੇ ਅਸੈਂਬਲੀ ਦੇ ਕੰਮ ਨੂੰ ਵੀ ਵਧੀਆ ਬਣਾਇਆ ਅਤੇ ਸਾਰੇ ਸਟਾਫ ਮੈਂਬਰਾਂ ਨੇ ਆਪਣੇ ਕੰਮ ਨੂੰ ਆਪਣੇ ਪੇਸ਼ੇ ਅਨੁਸਾਰ ਅਤੇ ਇਮਾਨਦਾਰੀ ਨਾਲ ਵਿਸ਼ੇਸ਼ ਤੌਰ ਤੇ ਕੀਤਾ। ਹਫਤੇ ਦੇ ਸੱਤੇ ਦਿਨ ਅਤੇ 24 ਘੰਟੇ ਆਮ ਹੀ ਸਨ। ਕੰਮ ਪੂਰਾ ਕਰਨ ਲਈ ਅਸੈਂਬਲੀ ਨੂੰ ਜੋ ਵੀ ਲੋੜੀਂਦਾ ਸੀ, ਉਹ ਉਹਨਾਂ ਨੇ ਬੜੀ ਖੁਸ਼ੀ ਨਾਲ ਮੁਹੱਈਆ ਕਰਵਾਇਆ ਅਤੇ ਕੰਮ ਠੀਕ ਕੀਤਾ। ਹਰ ਸੈਸ਼ਨ ਦੇ ਮੁਲਾਂਕਣ ਸਮੇਂ ਅਸੈਂਬਲੀ ਮੈਂਬਰਾਂ ਨੇ ਸਟਾਫ ਨੂੰ ਸਦਾ ਹੀ ਵੱਧ ਤੋਂ ਵੱਧ ਨੰਬਰ (ਮਾਰਕ) ਦਿੱਤੇ।

ਮੱਦਦ ਦੇਣ ਵਾਲਿਆਂ ਵਿੱਚ ਸਾਈਮਨ ਫਰੇਜ਼ਰ ਯੂਨੀਵਟਸਿਟੀ ਅਤੇ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਪੌਲਿਟੀਕਲ ਸਾਇੰਸ ਦੇ ਗ੍ਰੈਜੂਏਟ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਕੰਮ ਕੀਤਾ। ਇਹ ਉਦਾਹਰਣੀ ਅਤੇ ਵਿਸ਼ੇਸ਼ ਸਹਿਯੋਗੀ, ਅਸੈਂਬਲੀ ਦੀਆਂ ਪ੍ਰਾਪਤੀਆਂ ਲਈ ਸ਼ਲਾਘਾ ਦੇ ਹੱਕਦਾਰ ਹਨ।

ਸਾਰੇ ਅਸੈਂਬਲੀ ਮੈਂਬਰ ਅਤੇ ਸਟਾਫ ਗੌਰਡਨ ਗਿਬਸਨ ਦੇ ਅਹਿਸਾਨਮੰਦ ਹਨ। ਸਰਕਾਰ ਦੀ ਬੇਨਤੀ ਤੇ ਉਸ ਨੇ *"ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰੀਫੋਰਮ"* ਦਾ ਸੰਵਿਧਾਨ ਤਿਆਰ ਕੀਤਾ।

ਥੋੜ੍ਹੀਆਂ ਤਬਦੀਲੀਆਂ ਨਾਲ ਅਸੀਂ ਮਿਸਟਰ ਗਿਬਸਨ ਦੀ ਸਪੱਸ਼ਟ ਤੇ ਸੁਚੱਜੀ ਯੋਜਨਾ ਨੂੰ ਅਪਣਾਇਆ। ਅਸੈਂਬਲੀ ਦੇ ਸਮੇਂ ਦੌਰਾਨ ਉਸ ਦੀ ਸੁਚੱਜੀ ਤੇ ਸਿਆਣੀ ਸਲਾਹ ਲਈ ਮੈਂ ਉਸ ਨਾਲ ਸੰਪਰਕ ਕਰਦਾ ਰਿਹਾ।

ਮੈਂ ਇਥੇ ਧੰਨਵਾਦ ਤੇ ਮਾਨ ਸਨਮਾਨ ਦੇਣਾ ਚਾਹੁੰਦਾ ਹਾਂ ਇਲੈਕਸ਼ਨ ਬੀ ਸੀ ਦੇ ਹੈਰੀ ਨਿਊਫੈਲਡ, ਚੀਫ ਇਲੈਕਟੋਰਲ ਅਫਸਰ ਅਤੇ ਲਿੰਡਾ ਜੌਹਨਸਨ, ਡਿਪਟੀ ਚੀਫ ਇਲੈਕਟੋਰਲ ਅਫਸਰ ਦਾ। ਅਸੈਂਬਲੀ ਦੇ ਕੰਮ ਕਾਜ ਵਿੱਚ ਇਹ ਸਾਰੇ ਬੜੇ ਮੱਦਦਗਾਰ ਭਾਈਵਾਲ ਰਹੇ। ਅਟੌਰਨੀ ਜਨਰਲ ਦੀ ਮਨਿਸਟਰੀ ਦੇ ਨੀਲ ਰੇਮਰ, ਡੇਵਿਡ ਵਿੰਕਲਰ ਅਤੇ ਕੈਰਲ ਐਨ ਰੌਫ ਦਾ, ਜਿਹਨਾਂ ਨੇ ਸਰਕਾਰੀ ਸੇਵਾਵਾਂ ਇਸਤੇਮਾਲ ਕਰਨ ਲਈ ਸਾਡੀ ਮੱਦਦ ਕੀਤੀ ਅਤੇ ਅਸੈਂਬਲੀ ਦੀ ਅਜ਼ਾਦ ਹਸਤੀ ਵੀ ਬਰਕਰਾਰ ਰੱਖੀ। ਯੂਨੀਵਰਸਿਟੀ ਔਫ ਬੀ ਸੀ, ਸਾਈਮਨ ਫਰੇਜ਼ਰ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਔਫ ਵਿਕਟੋਰੀਆ ਦੇ ਰੀਸਰਚ ਐਡਵਾਈਜ਼ਰੀ ਕਮੇਟੀ ਦੇ ਮੈਂਬਰਾਂ ਦੀ, ਕਮਿਊਨਿਟੀ ਲੀਡਰਾਂ ਦਾ, ਜਿਹਨਾਂ ਨੇ ਸਿਟੀਜਨ ਅਸੈਂਬਲੀ ਦੇ ਆਈਡੀਏ ਨੂੰ ਉਤਸ਼ਾਹਿਤ ਕੀਤਾ, ਡੈਲਟਾ ਵੈਨਕੂਵਰ ਸੂਟਸ ਦੇ ਸਟਾਫ ਦਾ ਅਤੇ ਮੌਰਿਸ ਜੇ. ਵੌਸਕ ਸੈਂਟਰ ਫਾਰ ਡਾਇਆਲੌਗ ਦਾ ਜਿਹਨਾਂ ਨੇ ਇੱਕ ਪਰਿਵਾਰ ਦੇ ਤੌਰ ਤੇ ਸਾਨੂੰ ਅਪਣਾਇਆ।

ਉਹਨਾਂ ਨਾਗਰਿਕਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਮੀਟਿੰਗਾਂ ਵਿੱਚ ਭਾਗ ਲਿਆ ਅਤੇ ਆਪਣੇ ਵਿਚਾਰ ਤੇ ਦ੍ਰਿਸ਼ਟੀਕੋਣ ਪੇਸ਼ ਕੀਤੇ, ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਦਾ – ਤੁਹਾਡੀ ਸਹਾਇਤਾ ਨੇ ਹੀ ਲੋਕਰਾਜ ਦੀ ਪ੍ਰੈਕਟਿਸ ਵਿੱਚ ਇਸ ਹੈਰਾਨੀਜਨਕ ਕਾਢ ਨੂੰ ਸਿਰੇ ਚੜ੍ਹਾਇਆ ਹੈ।

ਦਸਤਖਤ ਜੈਕ ਬਲੇਨੀ, ਚੇਅਰ

# ਹੋਰ ਅਧਿਐਨ

ਐਸ ਟੀ ਵੀ ਤੇ ਆਮ ਵਿਚਾਰ-ਵਟਾਂਦਰੇ ਲਈ ਸਿਟੀਜਨਜ਼' ਅਸੈਂਬਲੀ ਵੱਲੋਂ ਵਰਤੀਆਂ ਗਈਆਂ ਹੋਰ ਦੂਸਰੀਆਂ ਸ੍ਰੋਤ ਪੁਸਤਕਾ:
**ਫੇਰੈਲੱ, ਡੇਵਿਡ ਐਮ**, ਇਲੈਕਟੋਰਲ ਸਿਸਟਮ: ਏ ਕੰਪੈਰਿਟਿਵ ਇੰਟਰੋਡਕਸ਼ਨ
ਬੇਸਿੰਗਸਟੋਕ, ਯੂਕੇ: ਪਾਲਗਰੇਵ, 2001, ਖਾਸ ਤੌਰ ਤੇ ਅਧਿਆਏ 6.

ਐਸ ਟੀ ਵੀ ਇਲੈਕਟੋਰਲ ਸੰਬੰਧੀ ਜੋ ਬਹੁਤ ਸਾਰੀ ਜਾਣਕਾਰੀ ਦੂਸਰਿਆਂ ਦੇਸ਼ਾਂ ਵਿੱਚੋਂ ਲਈ ਗਈ ਹੈ, ਉਸ ਦਾ ਰੈਫਰੈਂਸ ਵੇਰਵਾ ਸਿਟੀਜਨਜ਼' ਅਸੈਂਬਲੀ ਦੀ ਵੈਬਸਾਈਟ ਤੋ ਂ ਦੇਖਿਆ ਜਾ ਸਕਦਾ ਹੈ । ਵੈਬਸਾਈਟ **www.citizensassembly.bc.ca/public** ਅਤੇ ਸੋਰਸ ਬੌਕਸ ਵਿੱਚ ਐਸ ਟੀ ਵੀ ਰੀਸੋਰਸਜ਼ ਐਂਟਰ ਕਰੋ ।

ਬੀ ਸੀ-ਐਸ ਟੀ ਵੀ ਸਿਸਟਮ ਕਿਵੇਂ ਕੰਮ ਕਰਦਾ ਹੈ-ਇਸ ਬਾਰੇ ਚਿੱਤਰਾਂ ਸਮੇਤ ਜਾਣਕਾਰੀ ਅਸੈਂਬਲੀ ਦੀ ਵੈਬਸਾਈਟ ਤੋਂ ਲਈ ਜਾ ਸਕਦੀ ਹੈ ।

# ਟੈਕਨੀਕਲ ਰਿਪੋਰਟ: ਤਤਕਰਾ


- ਅੰਤਮ ਰਿਪੋਰਟ
- ਸਿਫਾਰਸ਼ ਕੀਤਾ ਗਿਆ ਬੀ ਸੀ-ਐਸ ਟੀ ਵੀ ਇਲੈਕਟੋਰਲ ਸਿਸਟਮ
- ਦੂਸਰੇ ਮਸਲੇ
- ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰਿਫੋਰਮ ਨੂੰ ਡਿਜ਼ਾਈਨ ਕਰਨਾ ਅਤੇ ਸਿਰੇ ਚੜ੍ਹਾਉਣਾ
  - ਚੋਣ ਪੜਾਅ
  - ਅਧਿਐਨ ਪੜਾਅ
  - ਜਨਤਕ ਸੁਣਵਾਈ ਪੜਾਅ
  - ਵਿਚਾਰ-ਵਟਾਂਦਰਾ ਪੜਾਅ
- ਸੰਚਾਰ
- ਸਹਾਇਤਾ ਦੇਣ ਵਾਲੀ ਸਮੱਗਰੀ


ਅੰਤਮ ਰਿਪੋਰਟ ਅਤੇ ਟੈਕਨੀਕਲ ਰਿਪੋਰਟ ਦੀਆਂ ਕਾਪੀਆਂ ਸਾਰੇ ਸੂਬੇ ਵਿੱਚ ਸਾਰੀਆਂ ਪਬਲਿਕ ਲਾਇਬ੍ਰੇਰੀਆਂ, ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਮਿਲਦੀਆਂ ਹਨ। ਇਸ ਵੈਬਸਾਈਟ www.citizensassembly.bc.ca ਤੇ ਵੀ ਦੇਖੀ ਜਾ ਸਕਦੀ ਹੈ ।

ਸੂਬਾ ਸਰਕਾਰ ਇੱਕ ਰਾਏਸ਼ੁਮਾਰੀ ਜਾਣਕਾਰੀ ਦਫਤਰ ਖੋਲ੍ਹਣ ਬਾਰੇ ਸੋਚ ਰਹੀ ਹੈ ।
ਫੋਨ ਰਾਹੀਂ ਸੰਪਰਕ ਜਾਣਕਾਰੀ ਲਈ 604-660-2421 ਜਾਂ 1-800-663-7867 ਤੇ ਫੋਨ ਕਰੋ ।
ਜਾਂ ਈ-ਮੇਲ ਪੁੱਛ-ਗਿੱਛ ਲਈ BC@gems3.gov.bc.ca

**ਲਾਇਬ੍ਰੇਰੀ ਐਂਡ ਆਰਕਾਈਵਜ਼ ਕੈਨੇਡਾ ਕੈਟਾਲੌਗਿੰਗ ਇਨ ਪਬਲੀਕੇਸ਼ਨ ਡੇਟਾ**

ਬ੍ਰਿਟਿਸ਼ ਕੋਲੰਬੀਆ । ਸਿਟੀਜਨਜ਼' ਅਸੈਂਬਲੀ ਔਨ ਇਲੈਕਟੋਰਲ ਰੀਫੌਰਮ ।
ਹਰ ਵੋਟ ਦਾ ਗਿਣਿਆਂ ਜਾਣਾ: ਬ੍ਰਿਟਿਸ਼ ਕੋਲੰਬੀਆ ਵਿੱਚ ਚੋਣ ਸੁਧਾਰਾਂ ਦਾ ਕੇਸ:

ISBN 0-7726-5253-8

1. ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ – ਚੋਣਾਂ – ਯੋਜਨਾ – ਨਾਗਰਿਕਾਂ ਦਾ ਭਾਗ ਲੈਣਾ
2. ਇਕਹਰੀ ਤਬਦੀਲੀ ਯੋਗ ਵੋਟਿੰਗ – ਬ੍ਰਿਟਿਸ਼ ਕੋਲੰਬੀਆ. 3. ਚੋਣ ਕਾਨੂੰਨ –
ਬ੍ਰਿਟਿਸ਼ ਕੋਲੰਬੀਆ । ਸਿਰਲੇਖ / ਸ਼ੀਰਸਕ

JL438.B74 2004 324.6’3’09711 C2004-960160-1


ਜਿੱਥੇ ਕਿਤੇ ਟੈਕਸਟ ਦੇ ਇਸ ਅਨੁਵਾਦ ਅਤੇ ਟੈਕਸਟ ਦੀ ਅੰਗ੍ਰੇਜ਼ੀ ਵਿੱਚ ਦਿੱਤੀ ਰਿਪੋਰਟ ਵਿਚਕਾਰ ਕੋਈ ਫਰਕ ਦਿਸੇ, ਉਥੇ ਅੰਗ੍ਰੇਜ਼ੀ ਦਾ ਟੈਕਸਟ ਸਹੀ ਮੰਨਿਆਂ ਜਾਵੇਗਾ ।

ਡਿਜ਼ਾਈਨ | Anthea Lee
ਫੋਟੋ | Kent Kallberg
ਪ੍ਰਿੰਟਰ | Mitchell Press

Jay Konkin, Surrey • Evelyn Krenz, Richmond • Cary Laing, Brentwood Bay • Janet Loewen, Langley • Sheila MacDermott, Penticton • Jack MacDonald, Victoria • Kimberlee MacGregor, Surrey • Glen Mackinnon, Nanaimo • John Mak, Burnaby • Nancy McAskill, Burnaby • James McConaghy, Prince George • Tanya McDonnell, Kelowna • Allan McKinnon, Cranbrook • Amanda Medley, Dawson Creek • Thea Melvin, Ladysmith • Marijke Merrick, Delta • Michele Miller, Kimberley • Russ Miller, Grand Forks • Bob Monk, Quesnel • Evelin Morrison, Prince George • Cherie Mostrovich, North Vancouver • Clara Munro, Sicamous • Tony Naccarato, Williams Lake • Linda Nicolaisen, Nanaimo • Ken Nielsen, Vancouver • Harley Nyen, Kelowna • Tina Ouellette, Fort St. James • Stephen Paetkau, Vancouver • Susan Patry, Merritt • Craig Peterson, Richmond • Don Phillips, Maple Ridge • Stan Pietras, Princeton • Andrei Popa, Vancouver • Michael Pritchard, Hazelton • Gene Quan, West Vancouver • Shawn Rai, South Surrey • Anna Rankin, Quesnel • Colin Redekop, Surrey • Jill Reilly, Vancouver • Lynelle Ridewood, Maple Ridge • Heidemarie Riemann, Courtenay • Ann Rushlow, Vancouver • Steve Sage, Fraser Lake • Aaron Schallie, Cloverdale • Wolf Scholz, Kitimat • Frederick Shum, Vancouver • Dalbir Sidhu, Surrey • Priya Singh, Surrey • Jakob Skovgaard, Ladner • Ralph Smith, North Vancouver • Ray Spaxman, West Vancouver • Jerry Stanger, Port Coquitlam • John Stinson, Penticton • Jacki Tait, Gitwinksihlkw • Sharon Taylor, Abbotsford • C.J. Thiessen, Chilliwack • Sam Todd, Burnaby • Tom Townrow, Vancouver • Arlene Tully, Vancouver • Rosemary Vanderbilt, Victoria • Joanne Vander Meulen, Smithers • Darren van Reyen, Victoria • Ron Walberg, Abbotsford • Charles Walker, Surrey • Douglas Waller, Prince George • Betty Walters, Port Coquitlam • Robert Westfall, Coquitlam • Anne Whitelaw Dykes, Roberts Creek • Sylvia Williams, Langley • David Wills, Vancouver • Norm Womacks, Kelowna • Wayne Wong, Vancouver • Susan Wood, Qualicum Beach • Brad Yee, Coquitlam-Westwood • Deborah Young, Lone Butte • Jeremy Young, Victoria • John Zall, Abbotsford • F. W. Zens, Port Alberni • Jack Zhang, Richmond • Ilene Zurowski, Kamloops

EXECUTIVE ASSISTANT TO THE CHAIR Christina Wong • PROJECT COORDINATOR AND MEMBER LIAISON Susanna Haas • DATABASE MANAGER Carol Fleming • ADMINISTRATIVE ASSISTANT Christine Cheung • ADMINISTRATIVE ASSISTANT Catherine Hirbour • EDITOR Patrick Lewis

ਸਿਟੀਜਨਜ਼' ਅਸੈਂਬਲੀ
ਔਨ ਇਲੈਕਟੋਰਲ ਰੀਫੋਰਮ



30 ਪ੍ਰਤਿਸ਼ਤ ਰੀਸਾਈਕਲਡ ਕੀਤੇ ਹੋਏ ਪੇਪਰ ਤੇ